ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥


ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥


# ਸੂਰਾ



ਪਟਿਆਲਾ


ਵਧਾਈ ! { ਗੁਰੂ ਨਾਨਕ ਅੰਕ } ਵਧਾਈ !!

ਗੁ: ਸਾਹਿਬ ਨਾਨਕ ਮਤਾ (ਪੀਲੀ ਭੀਤ)


NOVEMBER 1968

ਨਵੰਬਰ ੧੯੬੮


www.AKJ.Org

# {} ਲੇਖ–ਸੂਚੀ {}


| ਨੰ. | ਲੇਖ | ਪੰਨਾ | ਲੇਖਕ |
|---|---|---|---|
| ੧ | ਪ੍ਰਚਾਰ ਢੰਗ ਬਦਲੋ (ਸੰਪਾਦਕੀ) | ੩ | ਸੰਪਾਦਕ |
| ੨ | ਗੁਰਬਾਣੀ ਸੰਗੀਤ | ੬ | ਭਾਈ ਨਿਹਾਲ ਸਿੰਘ ਜੀ ਬੰਬਈ |
| ੩ | ਸਚਾ ਵੈਦ ਗੁਰੂ ਨਾਨਕ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੪ | ਜਨ ਪਰਉਪਕਾਰੀ ਆਏ | ੧੮ | ਭਾਈ ਮਨਮੋਹਨ ਸਿੰਘ ਜੀ ਪਟਨਾ। |
| ੫ | ਗੁਰੂ ਨਾਨਕ ਆਮਦ | ੨੧ | ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ। |
| ੬ | ਇਤਿਹਾਸ ਗੁਰਦਵਾਰਾ ਨਾਨਕ ਮਤਾ | ੨੬ | ਗੁਰਦਵਾਰਾ ਕਮੇਟੀ, ਨਾਨਕ ਮਤਾ |
| ੭ | ਸਭ ਤੋਂ ਵਡਾ ਸਤਿਗੁਰ ਨਾਨਕ | ੩੦ | ਬੀਬੀ ਸਤਿਵੰਤ ਕੌਰ ਜੀ ਡੇਹਰਾਦੂਨ |
| ੮ | ਕਲ ਤਾਰਨ ਗੁਰੂ ਨਾਨਕ ਆਇਆ | ੩੨ | ਭਾਈ ਮਨਮੋਹਨ ਸਿੰਘ ਜੀ ਬੁਤਾਲਾ |
| ੯ | ਬਾਬਾ ਹੋਰੁ ਖਾਣਾ ਖੁਸੀ ਖੁਆਰੁ | ੩੫ | ਭਾਈ ਜੇ. ਪੀ. ਸੰਗਤ ਸਿੰਘ ਬੰਬਈ |
| ੦ | ਅਨਮੋਲ ਰਤਨ | ੪੨ | ਭਾਈ ਮਨਮੋਹਨ ਸਿੰਘ ਜੀ ਪਟਨਾ |
| ੧ | ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ? | ੪੪ | ਇਕ ਇਤਹਾਸਕ ਖੋਜੀ ਦੀ ਕਲਮ ਤੋਂ |
| ੨ | ਅੰਮ੍ਰਿਤ ਵੇਲਾ | ੪੫ | ਡਾ. ਤੇਜਇੰਦਰ ਸਿੰਘ ਜੀ ਭੁਪਾਲ |


## ਭਾਰਤ ਸਰਕਾਰ ਦੇ ਧਿਆਨ ਯੋਗ

ਸਾਡੇ ਦਫ਼ਤਰ ਵਿਚ ਬੰਬਈ ਦੇ ਜ਼ੁਮੇਂਵਾਰ ਸਜਣਾਂ ਵਲੋਂ ਚਿੱਠੀ ਪੁਜੀ ਹੈ ਕਿ ਬੰਬਈ ਨੇਵੀ (ਸਮੁੰਦਰੀ) ਫ਼ੌਜ ਵਿਚ ਦਾੜ੍ਹੀ-ਕੱਟ ਸਿੰਘਾਂ ਨੂੰ ਤਾਂ ਤਰੱਕੀਆਂ ਦਿਤੀਆਂ ਜਾ ਰਹੀਆਂ ਹਨ ਤੇ ਦੂਜੇ ਪਾਸੇ ਤਿਆਰ-ਬਰ ਤਿਆਰ ਫ਼ੌਜੀ ਸਿੰਘਾਂ ਦੇ ਦਾੜ੍ਹੇ ਖੁਲ੍ਹੇ ਰਖਣ ਤੇ ਪਾਬੰਦੀ ਲਾਈ ਜਾ ਰਹੀ ਹੈ, ਹਾਲਾਂਕਿ ਇਹ ਸਿੰਘ ਪਹਿਲਾਂ ਕਾਫੀ ਸਮੇਂ ਤੋਂ ਦਾੜ੍ਹੇ ਖੁਲ੍ਹੇ ਰਖ ਰਹੇ ਹਨ, ਹੁਣ ਇਹਨਾਂ ਸਿੰਘਾਂ ਨੂੰ ਦਾੜ੍ਹੇ ਬੰਨ੍ਹਣ ਤੇ ਮਜਬੂਰ ਕੀਤਾ ਜਾ ਰਿਹਾ ਹੈ। ਅਸੀਂ ਜਿਥੇ ਭਾਰਤ ਸਰਕਾਰ ਦੇ ਸੰਬੰਧਤ ਕਰਮਚਾਰੀਆਂ ਦਾ ਧਿਆਨ ਇਸ ਵਧੀਕੀ ਵਿਰੁਧ ਦਵਾਂਦੇ ਹਾਂ ਉਥੇ ਸ਼ਰੋਮਣੀ ਗੁ. ਪ੍ਰਬੰਧਕ ਕਮੇਟੀ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਜ਼ੋਰਦਾਰ ਪ੍ਰੋਟੈਸਟ ਕਰ ਕੇ ਭਾਰਤ ਸਰਕਾਰ ਨੂੰ ਇਹ ਵਧੀਕੀ ਰੋਕਣ ਲਈ ਮਜਬੂਰ ਕਰੇ, ਅਤੇ ਤਿਆਰ ਬਰ ਤਿਆਰ ਸਿੰਘਾਂ ਦੇ ਧਾਰਮਕ ਚਿੰਨ੍ਹ 'ਚ ਦਖ਼ਲ ਦੇ ਕੇ ਸਮੁੱਚੀ ਸਿਖ ਕੌਮ ਨੂੰ ਕਿਸੇ ਅੰਦੋਲਨ ਲਈ ਮਜਬੂਰ ਨਾ ਕਰੇ।

(ਐਡੀਟਰ, ਸੂਰਾ)

**ਪਾਠਕਾਂ ਪ੍ਰਤੀ :—** 'ਸੂਰਾ' ਦੇ ਸੁਹਿਰਦ ਪਾਠਕਾਂ ਪ੍ਰਤੀ ਜ਼ਰੂਰੀ ਸੂਚਨਾ ਦਿਤੀ ਜਾਂਦੀ ਹੈ ਕਿ ਅਸੀਂ 'ਸੂਰਾ' ਰਾਹੀਂ ਕਈ ਵਾਰੀ ਬੇਨਤੀ ਕਰ ਚੁਕੇ ਹਾਂ ਕਿ ਜਿਨ੍ਹਾਂ ਜਿਨ੍ਹਾਂ ਸਜਣਾਂ ਦੇ ਚੰਦੇ ਖ਼ਤਮ ਹੋ ਚੁਕੇ ਹਨ, ਹ ਸ਼ੀਘਰ ਹੀ ਆਪਣੇ ਆਪਣੇ ਚੰਦੇ ਭੇਜਣ ਦੀ ਕ੍ਰਿਪਾਲਤਾ ਕਰਨ, ਤਾਕਿ ਉਹਨਾਂ ਦੇ ਨਾਮ ਅਗੋਂ ਲਈ ਸੂਰਾ' ਜਾਰੀ ਰਹਿ ਸਕੇ। ਮਾਇਆ ਕੇਵਲ ਮੈਨੇਜਰ 'ਸੂਰਾ' ਦੇ ਨਾਮ ਹੀ ਆਉਣੀ ਚਾਹੀਦੀ ਹੈ, ਕਿਸੇ ਜ਼ਾਤੀ ਮ ਤੇ ਨਾਂ ਭੇਜੀ ਜਾਵੇ, ਤਾਕਿ ਕੋਈ ਔਕੜ ਪੇਸ਼ ਨਾ ਆਵੇ।

ਲਾਨਾ ਚੰਦਾ ਦੇਸ—੬) ਰੁਪੈ ਪ੍ਰਦੇਸ—੧੦) ਰੁਪੈ ਲਾਈਫ਼ ਮੈਂਬਰ—੧੫੦) ਰੁਪੈ ਪ੍ਰਤੀ ਕਾਪੀ ੬੦ ਪੈਸੇ
ਪ੍ਰਦੇਸੀ ਵੀਰ ਹਵਾਈ ਜਹਾਜ਼ ਰਾਹੀਂ ਪਰਚਾ ਮੰਗਾਉਣ ਵਾਸਤੇ 25 ਰੁਪੈ ਫ਼ਾਲਤੂ ਭੇਜਣ।

ਮੈਨੇਜਰ, 'ਸੂਰਾ' ਰਾਘੋਮਾਜਰਾ, ਪਟਿਆਲਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥




# ਗੁਰਮਤਿ ਪ੍ਰਚਾਰਕ ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4-(ਅ: ਪ:) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ ਹੈ।

ਜਿਲਦ ਨੰ: ੩     ਕਤਕ—ਮਘਰ ੪੯੯ ਨਾਨਕ ਸ਼ਾਹੀ     ਅੰਕ ਨੰ: ੧੦


ਮੰਘਰ ਮਾਹੁ ਭਲਾ, ਹਰਿ ਗੁਣਿ ਅੰਕਿ ਸਮਾਵਏ ॥
ਗੁਣਵੰਤੀ ਗੁਣ ਰਵੈ, ਮੈ ਪਿਰੁ ਨਿਹਚਲੁ ਭਾਵਏ ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ, ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ, ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥
ਨਾਨਕ ਸਾਧਨ ਨਾਹ ਪਿਆਰੀ, ਅਭ ਭਗਤੀ ਪਿਰ ਆਗੈ ॥ ੧੩ ॥
(ਤੁਖਾਰੀ ਛੰਤੁ ਮ: ੧ ਬਾਰਹਮਾਹਾ)


ਆਨਰੇਰੀ ਐਡੀਟਰ :
ਮਨੋਹਰ ਸਿੰਘ

ਨਵੰਬਰ ੧੯੬੯

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਨਵੰਬਰ ੧੯੬੯ ਨੂੰ ਪ੍ਰਕਾਸ਼ਤ ਕੀਤਾ।


www.AKJ.org




# ਪਰਚਾਰ ਢੰਗ ਬਦਲੋ !

ਧਰਮ ਪਰਚਾਰ ਕਮੇਟੀ ਵਲੋਂ ਸਾਰੇ ਭਾਰਤ ਵਿਚ ਅੰਮ੍ਰਿਤ ਪਰਚਾਰ ਹੋ ਰਿਹਾ ਹੈ। ਧਰਮ ਪਰਚਾਰ ਦੇ ਜਥੇ ਵੱਖ ਵੱਖ ਸੂਬਿਆਂ ਲਈ ਨੀਅਤ ਹਨ। ਹਰ ਸੂਬੇ ਵਿਚ ਅੰਮ੍ਰਿਤ ਸੰਚਾਰ ਹੁੰਦੇ ਹਨ।

ਅਗਲੇ ਸਾਲ ੧੯੬੯ ਵਿਚ ਗੁਰੂ ਨਾਨਕ ਸਾਹਿਬ ਦਾ ਪੰਜ ਸੌ ਸਾਲਾ ਜਨਮ ਉਤਸ਼ਵ ਮਨਾਇਆ ਜਾ ਰਿਹਾ ਹੈ। ਧਰਮ ਪਰਚਾਰ ਕਮੇਟੀ ਵਲੋਂ ਬਾਹਰਲੇ ਦੇਸ਼ਾਂ ਵਿਚ ਧਰਮ ਪਰਚਾਰਕ ਭੇਜਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਕਾਰਜ ਲਈ ਕਰੋੜਾਂ ਰੁਪੈ ਖਰਚ ਹੋਣੇ ਹਨ।

ਆਮ ਦੇਖਣ ਵਿਚ ਆਉਂਦਾ ਹੈ ਕਿ ਧਰਮ ਪ੍ਰਚਾਰ ਕਮੇਟੀ ਦੇ ਜਥੇ ਸਥਾਨਕ ਗੁਰਦੁਆਰਿਆਂ ਵਿਚ ਅੰਮ੍ਰਿਤ ਛਕਣ ਸੰਬੰਧੀ ਪਹਿਲਾਂ ਲੈਕਚਰ ਦਿੰਦੇ ਹਨ, ਫਿਰ ਅੰਮ੍ਰਿਤ ਛਕਣ ਵਾਲਿਆਂ ਦੀ ਲਿਸਟ ਬਣਾ ਕੇ ਪੰਜ ਪਿਆਰਿਆਂ ਵਲੋਂ ਅੰਮ੍ਰਿਤ ਛਕਾ ਦਿਤਾ ਜਾਂਦਾ ਹੈ।

ਭਾਵੇਂ ਹਰ ਥਾਂ ਕੁਝ ਗਿਣਤੀ ਦੇ ਇਸਤ੍ਰੀਆਂ ਮਰਦ ਤੇ ਬਚੇ ਅੰਮ੍ਰਿਤ ਛਕ ਲੈਂਦੇ ਹਨ, ਪਰ ਅੰਮ੍ਰਿਤ ਦੀ ਮਹਾਨਤਾ ਤੇ ਰਹਿਤ ਦੀ ਮਹਾਨਤਾ ਬਾਰੇ ਕਿਸੇ ਵਿਰਲੇ ਨੂੰ ਹੀ ਗਿਆਨ ਹੁੰਦਾ ਹੈ। ਨਤੀਜਾ ਕੀ ਹੁੰਦਾ ਹੈ ਕਿ ਬਹੁਤ ਪ੍ਰਾਣੀ ਤਾਂ ਅੰਮ੍ਰਿਤ ਛਕਣ ਤੋਂ ਕੁਝ ਚਿਰ ਪਿਛੋਂ ਰਹਿਤ ਬਹਿਤ ਵਲੋਂ ਢਿਲੇ ਹੋ ਜਾਂਦੇ ਹਨ, ਤੇ ਬਾਕੀ ਪ੍ਰਾਣੀ ਕੁਝ ਚਿਰ ਬਾਦ ਸਭ ਕੁਝ ਵਿਸਾਰ ਦਿੰਦੇ ਹਨ। ਹਰ ਇਕ ਬੇਅੰਮ੍ਰਿਤੀਏ ਨਾਲ ਖਾ ਪੀ ਲੈਂਦੇ ਹਨ। ਬਹੁਤਾ ਨੌਜਵਾਨ ਤਬਕਾ ਤਾਂ ਇਹ ਕਹਿੰਦਾ ਸੁਣਿਆ ਗਿਆ ਹੈ ਕਿ ਚਲੋ ਢਾਈ ਰੁਪੈ ਵਿਚ ਕੜਾਹ ਪ੍ਰਸ਼ਾਦ ਤੇ ਮਿੱਠਾ ਪਾਣੀ ਹੀ ਸਹੀ।

ਮੇਰੇ ਵਿਚਾਰ ਵਿਚ ਧਰਮ ਪ੍ਰਚਾਰ ਕਮੇਟੀ ਨੂੰ ਅੰਮ੍ਰਿਤ ਦੀ ਦਾਤ ਏਨੀ ਸਸਤੀ ਨਹੀਂ ਕਰਨੀ ਚਾਹੀਦੀ ਤੇ ਲੋੜ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਸਿਖਿਆ ਲੈਕੇ ਪਰਚਾਰ ਢੰਗ ਬਦਲਿਆ ਜਾਵੇ।

ਭਾਵੇਂ ਗੁਰੂ ਨਾਨਕ ਦੇਵ ਜੀ ਕਈ ਮਨੋ-ਵਿਗਿਆਨਕ ਤੇ ਨਾਟਕੀ ਢੰਗਾਂ ਨਾਲ ਆਮ ਜਨਤਾ ਦਾ ਧਿਆਨ ਆਪਣੇ ਵਲ ਖਿਚਦੇ ਸਨ, ਪਰ ਆਮ ਕਰਕੇ ਆਪ ਇਲਾਹੀ ਕੀਰਤਨ ਦਾ ਆਸਰਾ ਲੈਕੇ ਕਠੋਰ ਤੇ ਪਾਪੀ ਮਨਾਂ ਨੂੰ ਬਦਲਦੇ ਸਨ। ਆਮ ਪ੍ਰਸਿੱਧ ਹੈ ਕਿ ਸਜਣ ਠੱਗ ਬੜਾ ਕਪਟੀ ਤੇ ਪਾਪੀ ਸੀ। ਗੁਰੂ ਸਾਹਿਬ ਨੇ ਉਸ ਦਾ ਮਨ ਬਦਲਣ ਲਈ 'ਉਜਲ ਕੈਹਾਂ ਚਿਲਕਣਾ' ਸ਼ਬਦ ਦਾ ਕੀਰਤਨ ਭਾਈ ਮਰਦਾਨੇ ਤੋਂ ਕਰਵਾਇਆ। ਸਜਣ ਠੱਗ ਦੇ ਮਨ ਦੇ ਪਾਪ ਉਸਨੂੰ ਸ਼ਰਮਸਾਰ ਕਰਨ ਲਗੇ ਤੇ ਗੁਰੂ ਸਾਹਿਬ ਦੇ ਚਰਨੀਂ ਡਿਗਿਆ। ਵੀਹਵੀਂ ਸਦੀ ਵਿਚ ਭਾਈ ਸਾਹਿਬ ਭਾ. ਰਣਧੀਰ ਸਿੰਘ ਜੀ ਸਿੱਖ ਪੰਥ ਦੇ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਦਾ ਰੋਮ ਰੋਮ ਨਾਮ ਵਿਚ ਰੱਤਾ ਹੋਇਆ ਸੀ। ਜੇਲ ਜੀਵਨ ਵਿਚ ਮਹਾਨ ਘਾਲਣਾ ਦਾ ਸਦਕਾ ਆਪ ਜੀ ਨੂੰ ਸ੍ਰੀ ਅਕਾਲ-ਤਖਤ ਵਲੋਂ ਹੁਕਮਨਾਮਾਂ ਤੇ ਸਿਰੋਪਾ ਬਖਸ਼ਿਆ ਗਿਆ। ਆਪ ਨੇ ਜੀਵਨ-ਭਰ ਵਿਚ ਹਜ਼ਾਰਾਂ ਪ੍ਰਾਣੀਆਂ ਨੂੰ ਗੁਰਮਤਿ ਦੇ ਸਚੇ ਮਾਰਗ ਤੇ ਲਾਇਆ ਤੇ ਸਤਿਗੁਰੂ ਜੀ ਦਾ ਅੰਮ੍ਰਿਤ ਛਕਣ ਲਈ ਪ੍ਰੇਰਿਆ।

ਪਰ ਆਪ ਨੇ ਜਾਂ ਆਪ ਦੇ ਨਾਲ ਸੰਬੰਧਤ

www.AKJ.Org

ਸਿੰਘਾਂ ਨੇ ਕਦੀ ਵੀ ਅੰਮ੍ਰਿਤ ਛਕਣ ਲਈ ਲੈਕਚਰ ਨਹੀਂ ਦਿਤੇ। ਆਪ ਜਿਥੇ ਵੀ ਗਏ—'ਕਲਜੁਗ ਮਹਿ ਕੀਰਤਨ ਪਰਧਾਨਾ' ਦੇ ਮਹਾਂਵਾਕ ਅਨੁਸਾਰ ਅਖੰਡ ਕੀਰਤਨ ਕੀਤੇ ਤੇ ਸਾਰੀ ਉਮਰ ਕੀਤੇ। ਹਜ਼ਾਰਾਂ ਪ੍ਰਾਣੀ ਆਪਣੇ ਆਪ ਕੀਰਤਨ ਰਸ ਰਾਹੀਂ ਆਪ ਦੇ ਜੱਥੇ ਵਲ ਖਿਚੇ ਗਏ ਤੇ ਅੰਮ੍ਰਿਤ ਛਕਣ ਲਈ ਪਰੇਰੇ ਗਏ।

ਸਾਰੇ ਭਾਰਤ ਵਿਚ ਇਹ ਅਖੰਡ ਕੀਰਤਨ ਜਥੇ ਹੁਣ ਵੀ ਨਿਸ਼ਕਾਮ ਕੀਰਤਨ ਕਰ ਰਹੇ ਹਨ ਤੇ ਹਜਾਰਾਂ ਪ੍ਰਾਣੀਆਂ ਨੂੰ ਸੱਚੀ ਗੁਰਮਤਿ ਦਾ ਸੰਦੇਸ਼ ਦੇ ਰਹੇ ਹਨ।

ਇਹ ਮੰਨੀ ਪ੍ਰਮੰਨੀ ਸਚਾਈ ਹੈ ਕਿ ਇਸ ਜਥੇ ਰਾਹੀਂ ਤਿਆਰ ਬਰ ਤਿਆਰ ਹੋਇਆ ਪ੍ਰਾਣੀ ਰਹਿਤ ਵਲੋਂ ਘਟ ਹੀ ਡਿਗਦਾ ਡੋਲਦਾ ਹੈ ਤੇ ਨਿਤਨੇਮ ਪੂਰਾ ਕਰਦਾ ਹੈ। ਮੇਰੇ ਵਿਚਾਰ ਵਿਚ ਧਰਮ ਪਰਚਾਰ ਕਮੇਟੀ ਨੂੰ ਨਿਸ਼ਕਾਮ ਕੀਰਤਨੀ ਜਥੇ ਤਿਆਰ ਕਰਕੇ ਅੰਮ੍ਰਿਤ ਛਕਣ ਲਈ ਸੰਗਤਾਂ ਨੂੰ ਪਰੇਰਨਾ ਚਾਹੀਦਾ ਹੈ। ਭਾਵੇਂ ਇਨਾਂ ਜਥਿਆਂ ਨੂੰ ਕਮੇਟੀ ਵਲੋਂ ਵਡੀਆਂ ਵਡੀਆਂ ਤਨਖਾਹਾਂ ਦਿਤੀਆਂ ਜਾਣ, ਪਰ ਆਮ ਸੰਗਤਾਂ ਵਲੋਂ ਇਨ੍ਹ ਨੂੰ ਕੋਈ ਮਾਇਕ ਝਾਕ ਨਹੀਂ ਰਖਣੀ ਚਾਹੀਦੀ ਇਸ ਨਿਸ਼ਕਾਮ ਕੀਰਤਨ ਦਾ ਗੱਜ ਵੱਜ ਕੇ ਪ੍ਰਚਾਰ ਕੀਤਾ ਜਾਵੇ। ਇਸ ਨਿਸ਼ਕਾਮਤਾ ਤੇ ਜੀਵਨ ਕਣ ਰਾਹੀਂ ਹੀ ਅੱਜ ਦੇ ਕਲਜੁਗੀ ਜੀਵਾਂ ਦਾ ਮ ਬਦਲ ਸਕਦਾ ਹੈ।

ਧਰਮ ਪਰਚਾਰ ਕਮੇਟੀ ਕੋਲ ਲਖਾਂ ਰੁ ਦੇ ਫੰਡ ਹਨ। ਘਟੋ ਘਟ ਧਰਮ ਪਰਚਾਰ ਦੇ ਸ਼ੁ ਕਰਮ ਲਈ ਮਾਇਆ ਰਹਿਤ ਪ੍ਰਚਾਰ ਹੋਣਾ ਜ਼ਰੂਰ ਹੈ। ਅਜ ਦੀ ਪਦਾਰਥਵਾਦੀ ਦੁਨੀਆਂ ਵਿਚ ਜਿਥੇ ਹਰ ਪਾਸੇ ਮਾਇਆ ਦੀ ਪਰਧਾਨਤਾ ਹੈ, ਰਬ ਕੀਰਤਨ ਤੇ ਨਿਸ਼ਕਾਮ ਕੀਰਤਨ ਹੀ ਵਿ ਵਿਕਾਰਾਂ ਵਿਚ ਲਿਬੜੇ ਮਨਾਂ ਨੂੰ ਗੁਰਮਤਿ ਵ ਪਰੇਰ ਸਕਦਾ ਹੈ।

ਧਰਮ ਪਰਚਾਰ ਕਮੇਟੀ ਨੂੰ ਚਾਹੀਦਾ ਹੈ ਕਿ ਨਿਸ਼ਕਾਮ ਕੀਰਤਨੀ ਜਥੇ ਤਿਆਰ ਕਰਕੇ--ਸੰਸਾ ਭਰ ਵਿਚ ਗੁਰੂ-ਨਾਨਕ—ਗੁਰੂ ਗੋਬਿੰਦ ਸਿੰਘ ਜ ਦੇ ਮਿਸ਼ਨ ਦਾ ਪਰਚਾਰ ਕਰੇ।

—o—

# "ਸੂਰਾ" ਵਿਦਿਆ ਵਿਭਾਗ ਪੰਜਾਬ ਵਲੋਂ ਪ੍ਰਵਾਨ

('ਸੂਰਾ' ਪਟਿਆਲਾ, ਵਿਦਿਆ ਵਿਭਾਗ ਵਲੋਂ, ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਪ੍ਰਵਾਨ ਕੀਤਾ ਗਿਆ ਹੈ, ਸਾਨੂੰ ਇਸ ਬਾਰੇ ਡਾਇਰੈਕਟਰ ਵਿਦਿਆ ਵਿਭਾਗ ਪੰਜਾਬ ਵਲੋਂ ਇਕ ਚਿੱਠੀ ਪੁਜੀ ਹੈ, ਜੋ ਅਸੀਂ ਪਾਠਕਾਂ ਦੀ ਗਿਆਤ ਲਈ ਹੂ-ਬਹੂ ਹੇਠਾਂ ਛਾਪ ਰਹੇ ਹਾਂ। —ਐਡੀਟਰ)

ਵਲੋਂ,

ਡਾਇਰੈਕਟਰ ਵਿਦਿਆ ਵਿਭਾਗ, ਪੰਜਾਬ

ਸੇਵਾ ਵਿਚ,

ਸ: ਪਿਆਰਾ ਸਿੰਘ, ਮੈਨੇਜਰ, "ਸੂਰਾ" (ਰਸਾਲਾ), ਰਾਘੋਮਾਜਰਾ, ਪਟਿਆਲਾ।

ਚਿਠੀ ਨੰ: 3/70—68—ਪ—(ਅ: ਪ:) ਮਿਤੀ—17.10.68

ਵਿਸ਼ਾ : — ਰਾਜ ਦੀਆਂ ਵਿਦਿਅਕ ਸੰਸਥਾਵਾਂ ਦੀਆਂ ਲਾਇਬਰੇਰੀਆਂ ਲਈ ਪੁਸਤਕਾਂ ਦੀ ਮੰਨਜ਼ੂਰੀ।

ਸ੍ਰੀਮਾਨ ਜੀ,

ਤੁਹਾਡੀ ਚਿਠੀ ਨੰ: 107 ਮਿਤੀ 30.4.68. ਦੇ .............. ਸਾਹਮਣੇ ਲਿਖੀਆਂ ਹੋਈਆਂ ਰਾਜ ਦੀਆਂ ਵਿਦਿਅ ਸੰਸਥਾਵਾਂ ਦੇ ਪੁਸਤਕਾਲਿਆਂ ਲਈ ਮਨਜ਼ੂਰ ਹੋ ਗਈ ਹੈ।

| ਕ੍ਰਮ ਨੰ. | ਪੁਸਤਕ ਦਾ ਨਾਂ | ਲੇਖਕ | ਜਿਸ ਵਿਦਿਅਕ ਸੰਸਥਾ ਦੇ ਪੁਸਤਕਾਲੇ ਲਈ ਮਨਜ਼ੂਰ ਕੀਤੀ ਗਈ |
|---|---|---|---|
| ੧ | ਸੂਰਾ (ਰਸਾਲਾ) | ਸੰਪਾਦਕ—ਸ: ਮਨੋਹਰ ਸਿੰਘ | ਕਾਲਜ, ਸਕੂਲ ਤੇ ਸਮਾਜਿਕ ਸਿਖਿਆ ਕੇਂਦਰ |

ਵਿਸ਼ਵਾਸ਼ ਪਾਤਰ,

ਸਹਾਇਕ ਡਾਇਰੈਕਟਰ (ਪੁਸਤਕਾਂ)

ਵਾਸਤੇ ਡਾਇਰੈਕਟਰ ਵਿਦਿਆ ਵਿਭਾਗ, ਪੰਜਾਬ।

www.AKJ.Org

# ਗੁਰਬਾਣੀ—ਸੰਗੀਤ

ਸ. ਨਿਹਾਲ ਸਿੰਘ ਜੀ ਬੰਬਈ ਤੋਂ ਗੁਰਬਾਣੀ ਸ਼ਰਧਾਲੂ ਸੰਗੀਤਕ ਪ੍ਰੇਮੀਆਂ (ਵਿਦਿਆਰਥੀਆਂ) ਈ ਇਕ ਸ਼ਬਦ (ਸਹਿਤ ਨੋਟੇਸ਼ਨ ਸ਼ੁਧ ਰਾਗ ਆਸਾ) ਸੂਰਾ ਵਿਚ ਛਾਪਣ ਲਈ ਭੇਜਦੇ ਹਨ, ਸੰਗੀਤਕ ਮੀ ਇਸਤੋਂ ਲਾਹ ਲੈਣ। (ਐਡੀਟਰ)

## ਆਸਾ ਮ: ੫:—

ਅਸਥਾਈ। (ਤ੍ਰਿਤਾਲ) ˘ਨਿਸ਼ਾਨ ਦੇ ਸਵੱਰ ਇਕ ਮਾਤ੍ਰ ਵਿਚ ਗਿਣੋ ਜੀ।

ਸਾਂ ਨੀ ਧ ਪ ਮ ਗ ਰੇ ਸਾ ਰੇ S ਮ ਪ ਮ ਪ ਧ ਪ S·
ਗੁ ਰੂ ਮੇ ਰੇ ਸੰ · ਗਿ ਸ ਦਾ · ਹੈ · ਨਾ · · ਲੇ ·

ਮ ਰੇ ਮ ਮ ਪ ਧ ਪ ਧ ਸਾਂ ਨੀ ਧ ਪ ਮ ਪ ਧ ਪ S
ਸਿ ਮ ਰਿ ਸਿ ਮ ਰਿ ਤਿ ਸੁ ਸ ਦਾ · ਸ ਮਾ · · ਲੇ ·

ਤਰਾ:—

ਪ ਪ ਧ ਰੇਂ ਸਾਂ S ਸਾਂ ਸਾਂ ਸਾਂ ਨੀ ਧ ਨੀ ਧ S ਪ S
ਹ ਰਿ ਕਾ · ਨਾ · ਮੁ ਰਿ ਦੈ · ਨਿ ਤ ਧਿਆ · ਈ ·

ਮ ਰੇ ਮ S ਪ ਧ ਪ ਧ ਸਾਂ ਨੀ ਧ ਪ ਮ ਪ ਧ ਪ S
ਸੰ · ਗੀ · ਸਾ · ਥੀ · ਸ ਗ ਲ ਤ ਰਾ · · ਈ ·

ਟ.—(੧) ਜਿਥੇ ਬਿੰਦੀ ਹੈ ਉਥੇ ਕੇਵਲ ਪਿਛਲੇ ਲਫਜ਼ ਨੂੰ ਲਮਕੌਣਾ ਹੈ।
(੨) ਅੰਤਰਾ ਨੰ: (੨) ਪਹਿਲੀ ਲਾਈਨ ਇਕ ਵਾਰ 'ਮੀਠਾ ਲਾਗੈ' ਦੂਜੀ ਵਾਰ ਗਾਣ ਸਮੇਂ 'ਮੀਠਾ ਲਾਗੈ ਹਰਿ' ਜੋੜਕੇ ਗਾਉ।

ਤਰਾ ਨੰ: (੨) ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ਇਸ ਨੂੰ ਅੰਤਰੇ ਦੀ ਨੋਟੇਸ਼ਨ ਤੇ ਗਾਓ ਜੀ।

ਟ:— ਗੁਰਮਤ ਸੰਗੀਤ ਨਵੀਨ ਬਾਲ ਬੋਧ (ਔ: ਸੈਕ੍ਰੇਟ੍ਰੀ ਚੀਫ ਖਾ; ਦੀਵਾਨ, ਜੀ. ਟੀ. ਰੋਡ ਅੰਮ੍ਰਿਤਸਰ ਤੇ ਜਨਰਲ ਸਕੱਤਰ ਸਾਹਿਬ ਲੋਕਲ ਕਮੇਟੀ ਚੀਫ. ਖਾਲਸਾ ਦੀਵਾਨ ੩੫੦-੫੪ ਕਾਥਾ ਬਜ਼ਾਰ, ਬੰਬਈ ਪਾਸੋਂ ਪਰਾਪਤ ਕਰੋ ਜੀ) ਦੀ ਵਿਧੀ ਅਨੁਸਾਰ ਆਸਾ ਦੀ ਵਾਰ ਸਿਖ ਰਹੇ ਵਿਦਿਆਰਥੀ ਇਹ ਸ਼ਬਦ ਵੇਰੇ ਗਾਣ ਲਈ ਆਪਣੀ ਲਿਸਟ ਵਿਚ ਵਧਾ ਲੈਣ।

ਦਾਸ—ਨਿਹਾਲ ਸਿੰਘ

I/C ਗੁਰਮਤ ਸੰਗੀਤ ਤੇ ਧਾਰਮਕ ਸੈਂਟਰਸ ਲੋਕਲ ਕਮੇਟੀ ਚੀ: ਖਾ: ਦੀਵਾਨ ਬੰਬਈ।


## ਦੋ ਮਹੀਨੇ ਲਈ ਕੈਂਪ

4 Albert Street, Richmond Town, Bangalore 25



www.AKJ.org

# ਸੱਚਾ ਵੈਦ ਗੁਰੂ ਨਾਨਕ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਗੁਰ ਨਾਨਕ ਨਿਰੰਕਾਰੀ ਨੂੰ ਸੰਸਾਰੀਆਂ ਉਤੇ ਤਰਸ ਆਇਆ, ਰੋਗ ਗ੍ਰਸੇ ਸੰਸਾਰੀਆਂ ਉਤੇ ਰਹਿਮ ਆਇਆ ਅਤੇ ਬਹੁਤਾ ਏਸ ਕਰਕੇ ਆਇਆ ਕਿ ਰੋਗੀ ਸੰਸਾਰ ਨੂੰ ਆਪਣੇ ਰੋਗ ਤਾਂ ਹੀ ਪਤਾ ਨਹੀਂ ਸੀ। ਰੋਗ ਰੰਞਾਣੇ ਸੰਸਾਰੀਆਂ ਨੂੰ ਆਪਣੇ ਰੋਗ ਨੂੰ ਜਾਨਣ ਦਾ ਅਹਿਸਾਸ ਹੀ ਨਹੀਂ ਸੀ। ਕੈਸੀ ਤਰਸ ਯੋਗ ਹਾਲਤ ਹੈ। ਰੋਗੀ ਤ੍ਰਾਹ ਤ੍ਰਾਹ ਕਰ ਆਪਣੇ ਰੋਗ ਵਿਚ ਰਿਝ ਰਹੇ ਹਨ। ਹਾਇ ਹਾਇ ਕਰ, ਰੋਗ ਦੇ ਮਾਰੇ, ਬਿਲਲਾ ਰਹੇ ਹਨ, ਪਰ ਉਨ੍ਹਾਂ ਨੂੰ ਆਪਣੇ ਰੋਗ ਦੀ ਸਾਰ ਨਹੀਂ, ਰੋਗ ਦੀ ਖਬਰ ਨਹੀਂ, ਉਨ੍ਹਾਂ ਨੂੰ ਰੋਗ ਪ੍ਰਤੀਤ ਨਹੀਂ ਹੁੰਦਾ। ਰੋਗੀਆਂ ਨੂੰ ਆਪਣੇ ਰੋਗ ਦੀ ਪਛਾਣ ਨਹੀਂ। ਰੋਗ ਦੀ ਪਰਤੀਤੀ ਹੀ ਨਹੀਂ, ਪਰ ਉਪਕਾਰ ਕਉਣ ਕਰੇ? ਪੀੜਾ ਹੈ, ਪਰ ਪੀੜਾ ਦੀ ਸੂਝ ਨਹੀਂ!! ਵੇਦਨ ਹੈ, ਪਰ ਵੇਦਨ ਦੀ ਬੂਝ ਨਹੀਂ ਕਾਰਨ ਦੁਖ ਹੈ, ਪਰ ਦੁਖ ਦਾ ਭੇਤ ਨਹੀਂ। ਦੁਖ ਰੋਗ ਵਿਚ ਰਿੱਝ ਕਰਿੱਝ ਕੇ ਮਰ ਰਹੇ ਹਨ, ਖੁਰ ਖਪ ਰਹੇ ਹਨ, ਫਿਰ ਰੋਗੀ ਆਜਾਣ ਹਨ, ਪੁਕਾਰ ਕਰਨ ਤਾਂ ਕੀ ਕਰਨ? ਕਿਸ ਰੋਗ ਦੀ ਪੁਕਾਰ ਕਰਨ? ਨਾਂ ਪੁਕਾਰ ਨਾਂ ਵੈਦ ਦੀ ਜੋਹਾਰ। ਬਿਨਾਂ ਲੋੜ ਤੋਂ ਬਿਨਾਂ ਪੁਕਾਰ ਤੋਂ ਵੈਦ ਬੁਲਾਵਣ ਦੀ ਕੀ ਲੋੜ? ਰੋਗੀਆਂ ਦੀ ਰੋਗ ਫਰਿਆਦ ਸੁਣ ਬਿਹੂਣ ਸੰਸਾਰ ਦੇ ਵੈਦਾਂ ਦੇ ਉਹ ਕੰਨ ਹੀ ਨਹੀਂ ਕਿ ਉਸ ਫਰਿਆਦ ਨੂੰ ਸੁਣਨ। ਬਿਨਾਂ ਪੁਕਾਰ ਸੁਣਾਏ, ਬਿਨਾਂ ਰੋਗ ਜਣਾਏ ਸੰਸਾਰੀ ਵੈਦਾਂ ਨੂੰ ਜਾਚ ਹੀ ਨਹੀਂ ਕਿ ਆਪੇ ਉਸ ਰੋਗ ਦੀ ਪਰਖ ਪਛਾਣ ਕਰ ਸਕਣ। ਉਹ ਤਾਂ ਆਪ ਹੀ ਇਸ ਰੋਗ ਦੇ ਆਰੀ ਹਨ। ਸੰਸਾਰੀ ਵੈਦਾਂ ਨੂੰ ਇਸ ਰੋਗ ਦੀ ਤਸ਼ਖੀਸ ਤਾਬੀਰ ਹੁੰਦੀ ਤਾਂ ਪਹਿਲਾਂ ਆਪਣਾ ਰੋਗ ਹੀ ਨਾ ਗੰਵਾ ਲੈਂਦੇ। ਰੋਗੀ ਵੈਦ ਰੋਗੀ ਬੀਮਾਰ ਦਾ ਕੀ ਇਲਾਜ ਕਰ ਸਕਦੇ ਹਨ ਜਦ ਕਿ ਰੋਗ ਵੈਦ ਅਤੇ ਬੀਮਾਰ ਨੂੰ, ਡਾਕਟਰ ਅਤੇ ਪੇਸ਼ੈਂਟ ਨੂੰ ਹਕੀਮ ਅਤੇ ਮਰੀਜ਼ ਨੂੰ ਇਕੋ ਅਤੇ ਓਹੋ ਰੋਗ ਹੀ ਹੋਵੇ। ਸਚ ਤਾਂ ਇਹ ਹੈ ਕਿ ਸੰਸਾਰੀ ਵੈਦ ਸਭ ਆਜਾਣ ਹਨ। ਕੋਈ ਭੀ ਸੁਜਾਣ ਵੈਦ ਨਹੀਂ। ਸੰਸਾਰਕ ਅਤੇ ਸਰੀਰਕ ਰੋਗਾਂ ਦੇ ਤਾਂ ਬਥੇਰੇ ਵੈਦ ਹਕੀਮ ਅਤੇ ਡਾਕਟਰ ਬਣੇ ਫਿਰਦੇ ਹਨ, ਪਰ ਇਹ ਸਰੀਰ ਦਾ ਰੋਗ ਤਾਂ ਇਕ ਓਪਰਾ ਜਿਹਾ ਰੋਗ ਹੈ, ਸੋ ਉਸ ਦੇ ਵੈਦ ਭੀ ਓਪਰੇ ਜਿਹੇ ਅਤੇ ਉਰੇ ਪਰੇ ਦੇ। ਉਰੇ ਪਰੇ ਦੀਆਂ ਬੀਮਾਰੀਆਂ ਉਰੇ ਪਰੇ ਦੀਆਂ ਦਵਾਈਆਂ ਦੇ ਕੇ ਹਟਾ ਦਿੰਦੇ ਹਨ। ਉਹ ਭੀ ਆਰਜ਼ੀ ਤੌਰ ਪਰ। ਰੋਗ ਦੀ ਜੜ੍ਹ ਮੇਖ ਫੇਰ ਭੀ ਉਹਨਾਂ ਪਾਸੋਂ ਨਹੀਂ ਜਾਂਦੀ। ਜੇ ਜਾਵੇ ਤਾਂ ਮੁੜ ਮੁੜ ਕੇ ਫੇਰ ਓਹੋ ਰੋਗ, ਨਾ ਉਪਜ ਖੜੋਣ। ਜਦ ਤਾਈਂ ਸਾਰੇ ਰੋਗਾਂ ਦਾ ਰੋਗ, ਦੀਰਘ ਰੋਗ ਤਲਾਮੂਲ ਤੋਂ ਨਹੀਂ ਉਖੜਦਾ, ਜਦ, ਤਾਂਈਂ ਸਾਰੇ ਰੋਗਾਂ ਦੇ ਮੂਲ ਕਾਰਨ ਦੀ ਜੜ ਮੇਖ ਨਹੀਂ ਜਾਂਦੀ; ਤਦ ਤਕ ਰੋਗੀ ਅਰੋਗ ਅਤੇ ਨਿਰਦੋਖ ਕਿਵੇਂ ਹੋਣ। ਹੋਰ ਹੋਰ ਰੋਗਾਂ ਦੇ ਇਲਾਜ ਤਾਂ ਕਰੀ ਕਰਾਈ ਜਾਂਦੇ ਹਨ, ਪਰ ਮੂਲ ਮੇਖੂਨੀ ਰੋਗ ਦਾ ਕੋਈ ਇਲਾਜ ਨਹੀਂ ਕਰਾਉਂਦਾ ਅਤੇ ਨਾ ਹੀ ਉਸਦਾ ਇਲਾਜ ਕਰਨ ਹਾਰਾ ਸਸਾਰ ਵਿਚ ਕੋਈ ਹੈ। ਹਜ਼ਰਤ ਈਸਾ ਜੀ ਰੋਗਾਂ ਦੇ ਮਸੀਹਾ ਹੋ ਕੇ ਉਠੇ। ਪਰ ਇਸ ਵਿਅਕਤੀ ਨੇ ਭੀ ਸਰੀਰਾਂ ਦੇ


www.AKJ.org

ਮ ਰੋਗ ਹੀ ਹਟਾਟੇ। ਦੀਰਘ ਰੋਗ ਦੀ ਇਸ ਨੂੰ
। ਪਛਾਣ ਨਾਂ ਹੋਈ ਤੇ ਨਾ ਹੀ ਉਸ ਪਾਸ ਇਸ
ਾ ਦਾਰੂ ਸੀ। ਅਗੰਮੀ ਰੋਗਾਂ ਦੀਆਂ ਅਗੰਮੀ
ਵਾਈਆਂ। ਰੋਗ ਦਾਰੂ ਦੋਹਾਂ ਦੀ ਗੰਮਤਾ ਦਾ
ੇਲ ਪੈ ਰਿਹਾ ਸੀ ਕਿ ਅਗੰਮ ਤੋਂ ਰੋਗ ਦਾਰੂ
ਹਾਂ ਦੀ ਗੰਮਤਾ ਵਾਲੇ ਸਚੇ ਸੁਜਾਨ ਵੈਦ ਗੁਰੂ
ਾਨਕ ਦੇਵ ਜੀ ਉਤਰੇ ਅਤ ਉਤਰਨ ਸਾਰ ਹੀ
ਹਿਲਾਂ ਉਸ ਸਚੇ ਵੈਦ ਨੇ ਰੋਗੀਆਂ ਨੂੰ, ਰੋਗ
ਾਰਤ ਰੋਗੀਆਂ ਨੂੰ ਉਹਨਾਂ ਦਾ ਰੋਗ ਅਨਭਵ
ਰਾਇਆ, ਫੇਰ ਰੋਗ ਦੇ ਇਲਾਜ ਦੀ ਲੋੜ
ਰਤੀਤ ਕਰਾਈ। ਰੋਗ ਦੇ ਖੁਦ ਜਾਣੂ ਪਛਾਣੂ
ਤੇ ਪਾਰਖੂ ਹੋ ਕੇ ਤਾਂ ਉਹ ਖੁਦ ਧੁਰ ਦਰਗਾਹੋਂ
ੀ ਆਏ ਸਨ। ਆਉਂਦੇ ਸਾਰ ਹੀ ਸਤਿਗੁਰੂ
ਾਨਕ ਦੇਵ ਜੀ ਸਚੇ ਵੈਦ ਗੁਰੂ ਨੇ ਰੋਗੀ ਸੰਸਾਰ
ਤੀ ਡੰਕੇ ਦੀ ਚੋਟ ਨਾਲ ਰੋਗ; ਦਾਰੂ ਦੋਹਾਂ ਦਾ
ਢੋਰਾ ਦਿਤਾ ਅਤੇ ਇਸ ਬਿਧ ਦਿਤਾ।

ਥਾ : ਗੁਰਵਾਕ—

ਬਿਧਾ ਮਨੁਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥
ਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ ॥
ਉਮੈ ਰੋਗੀ ਜਗਤੁ ਉਪਾਇਆ ਬਿਨ ਸਬਦੈ ਰੋਗ ਨ ਜਾਈ ॥
॥ ਰਹਾਉ ॥ ਸਿੰਮ੍ਰਿਤ ਸਾਸਤ੍ਰ ਪੜਹਿ ਮੁਨਿ ਕੇਤੇ
ਨੁ ਸਬਦੈ ਸੁਰਤਿ ਨ ਪਾਈ ॥
ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥ ੨ ॥
ਕਿ ਆਪੇ ਕਾਢਿ ਲਏ ਪ੍ਰਭ ਆਪੇ ਗੁਰ ਸੇਵਾ ਪ੍ਰਭਿ ਲਾਇ ॥
ਰਿ ਕਾ ਨਾਮੁ ਨਿਧਾਨੋ ਪਾਇਆ ਸੁਖ ਵਸਿਆ ਮਨਿ ਆਏ ॥ ੩ ॥
(ਭੈਰਉ ਮ: ੩)

ਤਥਾ ਇਸ ਬਿਧ ਇਸ ਰੋਗ ਦੀ ਅਤੇ ਰੋਗ ਨਵਿਰਤੀ
ਦੀ ਦੋਹੀ ਫੇਰੀ :—

ਨਮੁਖਿ ਦੁਬਿਧਾ ਸਦਾ ਹੈ ਰੋਗੀ, ਰੋਗੀ ਸਗਲ ਸੰਸਾਰਾ ॥
ਗੁਰਮੁਖਿ ਬੂਝਹਿ ਰੋਗ ਗਵਾਵਹਿ ਗੁਰ ਸਬਦੀ ਵੀਚਾਰਾ ॥
ਰਿ ਜੀਉ ਸਤਿ ਸੰਗਤਿ ਮੇਲਾਇ ॥
ਾਨਕ ਤਿਸ ਨੋ ਦੇਹਿ ਵਡਿਆਈ ਜੋ ਰਾਮਿ ਨਾਮਿ ਚਿਤੁ ਲਾਇ ॥
੧॥ ਰਹਾਉ ॥ ਮਮਤਾ ਕਾਲਿ ਸਭਿ ਰੋਗ ਵਿਆਪੇ
ਤਨ ਜਮ ਕੀ ਹੈ ਸਿਰਿ ਕਾਰਾ ॥
ਗੁਰਮੁਖਿ ਪ੍ਰਾਣੀ ਜਮ ਨੇੜਿ ਨ ਆਵੈ
ਜਿਨਿ ਹਰਿ ਰਾਖਿਆ ਉਰਧਾਰਾ ॥ ੨ ॥
ਜਿਨਿ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ
ਸੋ ਜਗ ਮਹਿ ਕਾਹੇ ਆਇਆ ॥
ਗੁਰ ਕੀ ਸੇਵ ਕਦੇ ਨ ਕੀਨੀ ਬਿਰਥਾ ਜਨਮੁ ਗਵਾਇਆ ॥ ੩ ॥
ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਏ ॥
ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਏ ॥ ੪ ॥

ਪੁਨਾ—ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸਨੋ ਮੰਨਿ ਵਸਾਏ ॥
ਬਾਝੁ ਗੁਰੂ ਜਗਤੁ ਬਉਰਾਨਾ ਭੂਲਾ ਚੋਟਾ ਖਾਈ ॥
ਮਰਿ ਮਰਿ ਜੰਮੈ ਸਦਾ ਸੁਖੁ ਪਾਏ ਦਰ ਕੀ ਖਬਰਿ ਨਾ ਪਾਈ ॥
ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥
...ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧ ਰੋਗ ਮਹਿ ਬਧੇ ਬਿਕਾਰਾ॥
ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰ ਫਿਰ ਜੋਨੀ ਭ੍ਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥
ਬਿਨ ਸਤਿਗੁਰ ਰੋਗ ਕਤਿਹ ਨ ਜਾਵੈ ॥
ਪਾਰਬ੍ਰਹਮਿ ਜਿਸ ਕੀਨੀ ਮਇਆ ॥
ਬਾਂਹ ਪਕੜਿ ਰੋਗਹੁ ਕਢਿ ਲਇਆ ॥
ਤੂਟੇ ਬੰਧਨ ਸਾਧ ਸੰਗੁ ਪਾਇਆ ॥
ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥

ਇਸ ਪ੍ਰਕਾਰ ਸਤਿਗੁਰ ਨਾਨਕ ਸਚੇ ਵੈਦ ਨੇ ਰੋਗ ਅਤੇ ਦਾਰੂ ਦੋਹਾਂ ਦਾ ਹੋਕਾ ਫੇਰਿਆ। ਇਕ ਵਾਰ ਨਹੀਂ, ਦੋ ਦਹਿ ਵਾਰ ਨਹੀਂ, ਅਨੇਕ ਵਾਰ ਅਣ-ਗਿਣਤ ਵਾਰ ਰੋਗ ਅਤੇ ਰੋਗ ਦੇ ਦਾਰੂ ਨੂੰ ਅਸਾਂ ਪ੍ਰਤੀ ਨਿਸਚਿਤ ਕਰਾਇਆ ਅਤੇ ਗੁਰਬਾਣੀ ਦੀ ਤੁਕ ਤੁਕ ਅੰਦਰ ਨਾਮ ਦਾਰੂ ਨੂੰ ਦ੍ਰਿੜਾਇਆ, ਪਰ ਅਸਾਂ ਕਲਜੁਗੀ ਅਭਾਗੇ ਜੀਵਾਂ ਨੂੰ ਨਾ ਅਪਣਾ ਰੋਗ ਪਰਤੀਤ ਹੋਇਆ ਅਤੇ ਨਾ ਹੀ ਨਾਮ ਦਾਰੂ ਉਤੇ ਨਿਸਚਾ ਆਇਆ। ਜਿਨ੍ਹਾਂ ਵਡਭਾਗੀ ਜਨਾਂ ਦਾ ਨਿਸਚਾ ਨਾਮ ਉਤੇ ਆ ਗਿਆ, ਤਿਨ੍ਹਾਂ ਦੇ ਜਨਮ ਦੇ ਰੋਗ ਕੱਟੇ ਗਏ। ਸਤਿਗੁਰ ਨਾਨਕ ਦੇਵ ਜੀ ਮਹਾਰਾਜ ਉਤੇ ਸੱਚੇ ਵੈਦ ਗੁਰੂ ਵਾਲੀ ਸ਼ਰਧਾ ਤਿਨ੍ਹਾਂ ਦੀ ਹੀ ਆਈ, ਜਿਨ੍ਹਾਂ ਨੇ ਸਤਿਗੁਰ ਦੇ ਹੁਕਮ ਨੂੰ ਸਤਿ ਕਰ ਕੇ ਜਾਤਾ ਅਤੇ ਨਾਮ ਦਾਰੂ ਨੂੰ ਦ੍ਰਿੜ੍ਹ ਸੰਵਾਤਾ। ਅਸਲ ਗਲ ਇਹ ਹੈ ਕਿ ਅਸਾਂ ਨਾਮਧਰੀਕ ਸਿਖਾਂ ਨੂੰ ਨਾਮ ਵਾਲੀ ਗਲ ਪੋਂਹਦੀ


www.AKJ.Org

ਹੀ ਨਹੀਂ। ਨਾਮ ਵਾਲੀ ਗਲ ਇਕੋ ਲੇਖੇ ਵਾਲੀ ਗਲ ਉਤੇ ਸ਼ਰਧਾ ਭਾਵਨੀ ਹੀ ਨਹੀਂ ਆਉਂਦੀ। ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਗਰ ਬਾਣੀ ਏਸੇ ਲੇਖੇ ਵਾਲੀ ਸੱਚੇ ਲੇਖੇ ਵਾਲੀ ਗਲ ਨੂੰ ਦ੍ਰਿੜ੍ਹਾਉਂਦੀ ਹੈ। ਸਾਰੀ ਗੁਰਬਾਣੀ ਦਾ ਤਤ ਸਾਰ ਨਾਮਵਾਲੀ ਇਕੋ ਗਲ ਨੂੰ ਦ੍ਰਿੜ੍ਹਾਵਣਾ ਹੈ, ਪਰ ਅਸੀਂ ਬਾਣੀ ਦਾ ਪਾਠ ਕਰਦੇ ਹੀ ਨਹੀਂ, ਕਰਦੇ ਹਾਂ ਤਾਂ ਉਪਰ ਦੀ ਲੰਘ ਜਾਂਦੇ ਹਾਂ। ਜੇ ਕਿਤੇ ਅਟਕਦੇ ਹਾਂ ਤਾਂ ਆਪੋ ਆਪਣੀਆਂ ਮਨ ਦੀਆਂ ਮਤਾਂ ਅਤੇ ਫੋਕਟ ਸਿਆਣਫ਼ਾਂ ਨਾਲ ਗੁਰਬਾਣੀ ਨੂੰ ਵੀਚਾਰਦੇ ਹਾਂ। ਸਹਿਸ ਸਿਆਣਫੀ ਵਿਚਾਰ ਦੁਆਰਾ ਗੁਰਬਾਣੀ, ਧੁਰ ਕੀ ਬਾਣੀ, ਧੁਰ ਤੋਂ ਆਇ ਅਤੇ ਧੁਰ ਪਹੁੰਚੇ ਹੋਇ ਸਰਬਗ ਗੁਰੂ ਸਾਹਿਬਾਨ ਦੀ ਬਾਣੀ ਨਹੀਂ ਵਿਚਾਰੀ ਜਾ ਸਕਦੀ। ਸਗੋਂ ਏਹਨਾਂ ਮਨੋ ਮਨੀ ਅਲਪੱਗ ਵਿਚਾਰਾਂ ਨਾਲ ਗੁਰਬਾਣੀ ਦੇ ਤੱਤ ਆਸ਼ੇ ਤੋਂ ਐਨ ਉਲਟ ਤਾਤਪਰਜ ਨਿਕਲੇ ਹਨ। ਗੁਰਬਾਣੀ ਕਹਿੰਦੀ ਹੈ, ਨਾਮ ਜਪੋ, ਅਲਪੱਗ ਵਿਚਾਰ ਵਾਲੀ ਮਤਿ ਨਾਮ ਜਪਣ ਦੇ ਮਾਅਨੇ ਹੀ ਉਲਟੇ ਲੈਂਦੀ ਹੈ। ਚਤਰ, ਬੁਧੀ ਆਖਦੀ ਹੈ ਕਿ ਬਾਰੰਬਾਰ ਇਕੋ ਲਫ਼ਜ਼ ਨੂੰ ਦੁਹਰਾਈ ਜਾਣਾ ਕਮਲਿਆਂ ਵਾਲੀ ਕਾਰ ਹੈ। ਹਾਂ ਜੀ ਅਜੇਹੀਆਂ ਬੁਧ ਮਤਾਂ ਜਦੋਂ ਗੁਰੂ ਸਾਹਿਬ ਦੇ ਅਜੇਹੇ ਵਾਕਾਂ ਵਿਚ:—

"ਬਾਰਬਾਰ ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥'

ਦੂਜੀ ਕਮਾਈ ਨੂੰ ਕਮਲਿਆਂ ਵਾਲੀ ਕਾਰ ਸਮਝਦੀਆਂ ਹਨ। ਇਸ ਦੇ ਦੂਜੇ ਅਰਥ ਏਹ ਹਨ ਕਿ ਓਹ ਅਜੇਹ ਵਾਕ ਉਚਾਰਨ ਹਾਰੇ ਗੁਰੂ ਸਾਹਿਬ ਨੂੰ ਕਮਲੇ ਸਮਝਦੇ ਹਨ। ਅਸੀਂ ਨਾਮ ਧਰੀਕ ਸਿਖ ਕਈ ਵਾਰ ਅਨਮਤੀਆਂ ਉਤੇ ਇਹ ਗਿਲਾ ਕਰਿਆ ਕਰਦੇ ਹਾਂ ਕਿ ਮਨਮਤੀ ਅਤੇ ਆਮ ਸੰਸਾਰੀ ਲੋਗ ਗੁਰੂ ਨਾਨਕ ਸਾਹਿਬ ਨੂੰ ਕੁਰਾਹੀਆ ਦੀ ਕੁਮਤਿ ਪਾਮਰਤਾ ਕਰਦੇ ਹਨ। ਕਿਉਂ ਜੀ, ਸਿਖ ਹੋ ਕੇ ਗੁਰੂ ਸਾਹਿਬ ਨੂੰ ਕਮਲਾ ਸਮਝਣ ਵਾਲੀ ਕੁਮਤ ਕਿੰਨੀ ਕੁ ਪ੍ਰਾਮਰਤਾ ਪੂਰਤ ਹੈ ? ਕੀ ਅਨਮਤੀਆਂ ਦੀ ਕੁਮੱਤ ਤੋਂ ਕੁਛ ਘਟ ਨਿੰਦਣ ਯੋਗ ਇਹ ਸਾਡੀ ਕੁਮਤ ਹੈ, ਕਿ ਗੁਰੂ ਸਾਹਿਬ ਤਾਂ ਬਾਰੰਬਾਰ ਏਹੀ ਉਪਦੇਸ਼ ਦ੍ਰਿੜ੍ਹਾਉਣ ਕਿ 'ਨਾਮ ਜਪੋ, ਨਾਮ ਜਪੋ' ਅਸੀਂ ਉਨ੍ਹਾਂ ਦੇ ਸਿਖ ਸਦਾ ਕੇ ਗੁਰੂ ਸਾਹਿਬ ਦੇ ਇਸ ਉਪਦੇਸ਼ ਨੂੰ ਟਿੱਚ ਕਰਕੇ ਜਾਣੀਏ ਅਤੇ ਇਸ ਸਿੱਧੇ ਪੱਧਰੇ ਸਪਸ਼ਟ ਗੁਰ ਹੁਕਮ 'ਨਾਮ ਜਪੋ' ਵਾਲੇ ਗੁਰ ਹੁਕਮ ਉਤੇ ਆਪਣੀ ਮਨ ਦੀ ਮੱਤ ਦੇ ਹਾਸ਼ੀਏ ਚਾੜ੍ਹੀਏ ਅਤੇ ਹਾਸ਼ੀਏ ਚਾੜ੍ਹ ਚਾੜ੍ਹ ਆਖੀਏ-ਬੱਕਰੀ ਵਾਂਗ ਮੂੰਹ ਮਾਰਨ ਦਾ ਕੀ ਫ਼ਾਇਦਾ।

ਪਾਠਕ ਜਨ ਜੀ! ਮਾਫ ਰਖਣਾ, ਅਸਾਂ ਕਈ ਅਖਾਉਤੀ ਗਿਆਨੀ ਇਹ ਕਹਿੰਦੇ ਸੁਣੇ ਹਨ ਕਿ 'ਨਾਮ ਜਪਣਾ' ਬੱਕਰੀ, ਮੂੰਹ ਮਾਰਨਾ ਹੈ। ਤੁਸੀਂ ਭੀ ਕਈ ਟੀਕੇ ਇਸ ਭਾਵ ਦੇ ਦੇਖੇ ਪੜ੍ਹੇ ਹੋਣਗੇ। ਉਹ ਆਂਹਦੇ ਨੇ ਬਾਣੀ ਨੂੰ ਵਿਚਾਰੋ, ਬਸ, ਇਕ ਵਾਰ ਵਿਚਾਰ ਅਤੇ ਵਿਚਾਰ ਕੇ ਅਮਲ ਕਰੋ। ਬਾਰੰਬਾਰ ਬਾਣੀ ਨੂੰ ਪੜ੍ਹਨ ਦੀ ਕੀ ਲੋੜ ਹੈ ਅਤੇ ਨਾਮ ਰਟਣ ਦਾ ਕੀ ਫਾਇਦਾ ਹੈ ? ਹਾਂ ਬਾਣੀ ਨੂੰ ਵਿਚਾਰ ਕੇ ਸਤਿਗੁਰ ਬਚਨਾਂ ਨੂੰ ਵਿਚਾਰਕੇ ਤਿਨਾਂ ਬਚਨਾਂ ਤੇ ਅਮਲ ਕਰਨ ਵਾਲੀ ਗਲ ਅਜਿਹੇ ਗਿਆਨੀ ਫ਼ਿਲਾਸਫਰਾਂ ਦੀ ਠੀਕ ਹੈ, ਪਰ ਕੀ ਓਹ ਨਹੀਂ ਜਾਣਦੇ ? ਕਿ ਗੁਰਬਾਣੀ ਦਾ ਸੱਚਾ ਵਿਚਾਰ ਅਤੇ ਗੁਰ ਬਚਨਾਂ ਉਤੇ ਅਮਲ ਕਰਨਾ ਕੀਹ ਹੈ ? ਲਓ, ਸਤਿਗੁਰੂ ਜੀ ਆਪ ਹੀ ਦਸਦੇ ਹਨ, ਗੁਰਬਾਣੀ ਆਪ ਹੀ ਦੱਸਦੀ ਹੈ:—

"ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥"

ਭਾਵ ਸਤਿਗੁਰ ਬਚਨਾਂ ਦਾ ਕਮਾਵਣਾ ਹੀ ਸੱਚਾ ਵੀਚਾਰ ਹੈ। ਸਤਿਗੁਰ ਬਚਨਾਂ ਦਾ ਕਮਾਵਣਾ ਕੀ ਹੈ ? ਜੋ ਗੁਰਬਾਣੀ ਕਹਿੰਦੀ ਹੈ, ਹੁਕਮ ਦੇਂਦੀ ਹੈ ਉਸ ਗਲ ਨੂੰ ਕਮਾਵਣਾ। ਉਸ ਉਤੇ ਅਮਲ ਕਰਨਾ, ਜੋ ਕੁਛ ਕਿ ਗੁਰਬਾਣੀ ਕਰਨ ਲਈ ਹੁਕਮ ਦੇਂਦੀ ਹੈਂ ਪਰ ਗੁਰਬਾਣੀ ਦਾ ਹੁਕਮ ਕੀ ਹੈ ? ਗੁਰਬਾਣੀ ਦਾ ਤੱਤ ਫੁਰਮਾਨ ਕੀ ਹੈ ਗੁਰਬਾਣੀ ਰੂਪੀ ਗੁਰ-ਬਚਨਾਂ ਦਾ ਤੱਤ ਸਾਰ ਕੀ ਹੈ ? ਗੁਰਬਾਣੀ ਅਥਵਾ ਗੁਰਬਾਣੀ ਰੂਪੀ ਗੁਰੂ


www.AKJ.Org

ਨਾਂ ਦਾ ਬਾਰੰਬਾਰ ਏਹੋ ਹੁਕਮ ਦ੍ਰਿੜਾਵਣਾ ਹੈ ਨਾਮ ਜਪੋ, ਨਾਮ ਜਪੋ। ਏਹ ਕੋਈ ਗੁਝੀ ਛਿਨੀ ਨ ਨਹੀਂ, ਸਿਧੇ ਪਧਰੇ ਆਮ ਫਹਿਮ ਪੰਜਾਬੀ ਦੇ ਰਾਂ ਵਿਚ ਗੁਰਬਾਣੀ ਏਹੋ ਕਹਿੰਦੀ ਹੈ, ਏਹੋ ਮ ਦੇਂਦੀ ਹੈ ਕਿ ਨਾਮ ਜਪੋ, ਸੁਆਸ ਸੁਆਸ ਮ ਜਪੋ, ਖਿਨ ਖਿਨ ਨਾਮ ਜਪੋ। ਇਹ ਬਾਣੀ ਦਾ ਤੱਤ ਸਾਰ ਹੁਕਮ ਹੈ ਅਤੇ ਸਪਸ਼ਟ ਟੇ ਵਾਲਾ ਹੁਕਮ ਹੈ, ਇਸ ਵਿਚ ਵਿੰਗ ਵਲ ਣ ਨਹੀਂ। ਜਦ ਅਸੀਂ ਗੁਰਬਾਣੀ ਦਾ ਇਹ ਤ ਹੁਕਮ, ਹੁਕਮਾ ਸਿਰ ਹੁਕਮਾਂ ਸਿੱਟੇ ਦਾ ਤੱਤ ਦਰਸ਼ੀ ਹੁਕਮ ਨਹੀਂ ਮੰਨਦੇ ਤਾਂ ਅਸਾਡੀ ਹੋਰ ਚਾਰ ਕਿਸ ਲੇਖੇ। ਸੱਚਾ ਗਿਆਨ ਵਿਚਾਰੁ ਤਾਂ ਰਬਾਣੀ ਦੇ ਏਹਨਾਂ ਹੁਕਮਾਂ ਪਦਾਂ ਵਿਚ ਹੀ ਵਿਦ-ਨ ਹੈ ਕਿ 'ਸਤਿਗੁਰ ਬਚਣ ਕਮਾਵਣੇ' ਰੂਪੀ ਰ ਹੁਕਮ ਨੂੰ ਮੰਨਣਾ ਗੁਰਸਿਖ ਦਾ ਪਰਮ ਧਰਮ । ਜੇਕਰ ਅਸੀਂ ਹੁਕਮ ਨੂੰ ਮੰਨਦੇ ਹਾਂ ਤਾਂ ਅਸੀਂ ਸ ਹੁਕਮਾਂ ਸਿਰ ਹੁਕਮ, ਮੁਖ ਹੁਕਮ ਉਪਰ ਮਲ ਕਰਦੇ ਹਾਂ, ਤਾਂ ਅਸਾਡਾ ਐਸਾ ਕਰਨਾ ਸੱਚਾ ਚਾਰ ਹੈ। ਗੁਰ ਹੁਕਮਾਂ ਨੂੰ ਕਮਾਵਣਾਂ ਹੀ ਸੱਚਾ ਆਨ ਵੀਚਾਰ ਹੈ। ਹੋਰ ਗਿਆਨ ਅਤੇ ਸੁਸ਼ਕ ਚਾਰ ਗੁਰ ਸਿਖਾਂ ਦੇ ਕਿਸੇ ਕੰਮ ਨਹੀਂ। ਬੱਸ, ਗੁਰਬਾਣੀ ਕਹਿੰਦੀ ਹੈ ਅਤੇ ਕਹੀ ਜਾਂਦੀ ਹੈ ਜਾਂ ਰੰਬਾਰ ਹੁਕਮ ਦੇਈ ਜਾਂਦੀ ਹੈ, ਉਸ ਉਤੇ ਮਲ ਕਰਨਾ, ਉਸ ਨੂੰ ਕਮਾਵਣਾ ਹੀ ਸੱਚਾ ਰਮਤਿ ਗਿਆਨ ਵਿਚਾਰ ਹੈ। ਤਦੇ ਤਾਂ ਗੁਰੂ ਹਿਬ ਗੁਰਸਿਖਾਂ ਪ੍ਰਤੀ ਸੱਚਾ ਗਿਆਨ ਦ੍ਰਿੜਾਵਣ ਤ ਇਸ ਪ੍ਰਕਾਰ ਦੇਂਦੇ ਹਨ:—ਗਿਆਨੀ ਹਰਿ ਲਹੁ ਦਿਨ ਰਾਤਿ॥" ਗੁਰਮਤਿ ਗਿਆਨੀਆਂ ਤੀ ਏਹੋ ਤੱਤ ਹੁਕਮੁ ਹੈ, ਗੁਰੂ ਸਾਹਿਬ ਦਾ ਕਿ—ਹਰਿ ਬੋਲਹੁ ਦਿਨੁ ਰਾਤਿ॥" ਗਿਆਨੀਆਂ ਨੂੰ ਮੁਖ ਸੰਬੋਧਨ ਕਰਕੇ ਗੁਰੂ ਸਾਹਿਬ ਬਚਨ ਰੂਪ ਰ ਹੁਕਮ ਉਚਾਰਦੇ ਹਨ:—

"ਗਿਆਨੀ ਹਰਿ ਬੋਲਹੁ ਦਿਨੁ ਰਾਤਿ॥"

ਅਰਥਾਤ ਦਿਨ ਰਾਤ ਸੁਆਸ ਸੁਆਸ ਨਾਮ ਪੋ। ਇਸ ਹੁਕਮ ਦੇ ਮੰਨਣ ਕਰਿ ਹੀ ਗੁਰਮਤਿ ਅੰਦਰ ਕੋਈ ਪ੍ਰਾਣੀ ਗਿਆਨੀ ਕਹਾ ਸਕਦਾ ਹੈ, ਐਵੇਂ ਨਹੀਂ। ਸੁਸ਼ਕ ਵਿਚਾਰ ਗਿਆਨੀ ਫ਼ਿਲਾਸਫਰ ਗੁਰੂ ਸਾਹਿਬ ਦੇ ਮੁਕਾਬਲੇ ਤੇ ਏਸ ਦੇ ਕਹਿਣ ਦਾ ਕੀ ਦਮ ਮਾਰ ਸਕਦੇ ਹਨ ਕਿ ਬਾਰੰਬਾਰ ਨਾਮ ਜਪਣਾ ਬੇ-ਅਰਥ ਅਤੇ ਬੇਫਾਇਦਾ ਹੈ। ਦੇਖੋ ਗੁਰੂ ਸਾਹਿਬ ਕੈਸਾ ਸਪਸ਼ਟ ਹੁਕਮ ਦੇਂਦੇ ਹਨ। ਯਥਾ ਗੁਰਵਾਕ—

"ਹਰਿ ਸਿਮਰਤ ਸਭਿ ਮਿਟਹਿ ਕਲੇਸ॥
ਚਰਨ ਕਮਲ ਮਨਿ ਮਹਿ ਪਰਵੇਸ॥੧॥
ਉਚਰਹੁ ਰਾਮ ਨਾਮੁ ਲਖ ਬਾਰੀ॥
ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ॥"

ਤਥਾ—"ਬਾਰੰਬਾਰ ਬਾਰ ਪ੍ਰਭੁ ਜਪੀਐ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥"

ਪੁਨਾ—"ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥
ਲਖੁ ਲਖੁ ਗੇੜਾ ਆਖੀਐ ਏਕੁ ਨਾਮੁ ਜਗਦੀਸ॥'

ਪੁਨਾ—"ਘਰ ਹੀ ਸਉਦਾ ਪਾਈਐ ਅੰਤਰ ਸਭ ਵਥੁ ਹੋਇ॥
ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ॥

"ਮਨ ਮੇਰੇ ਸੁਖ ਸਹਜੁ ਸੇਤੀ ਜਪਿ ਨਾਉ॥
ਆਠ ਪਹਰ ਪ੍ਰਭੁ ਧਿਆਇ ਤੂੰ
ਗੁਣ ਗੋਵਿੰਦ ਨਿਤ ਗਾਉ॥" ੧॥ ਰਹਾਉ॥

"ਗੁਣ ਨਿਧਾਨੁ ਨਵਤਨ ਸਦਾ ਪੂਰਨ ਜਾਕੀ ਦਾਤਿ॥
ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ॥"

ਹਰਿ ਜਪੀਐ ਆਰਾਧੀਐ
ਆਠ ਪਹਰ ਗੋਵਿੰਦੁ॥
ਜੀਅ ਪ੍ਰਾਣ ਤਨੁ ਧਨੁ ਰਖੇ
ਕਰਿ ਕਿਰਪਾ ਰਾਖੀ ਜਿੰਦੁ॥
ਨਾਨਕ ਸਗਲੇ ਦੋਖ ਉਤਾਰਿਅਨੁ
ਪ੍ਰਭੁ ਪਾਰਬ੍ਰਹਮੁ ਬਖਸਿੰਦ॥

"ਗਗਾ ਗੋਬਿਦੁ ਗੁਣ ਰਵਹੁ
ਸਾਸਿ ਸਾਸਿ ਜਪਿ ਨੀਤਿ॥
ਕਹਾ ਬਿਸਾਸਾ ਦੇਹ ਕਾ
ਬਿਲਮ ਨ ਕਰਿਹੋ ਮੀਤ॥"

"ਜਿਸੁ ਸਿਮਰਤ ਸੰਕਟ ਛੁਟਹਿ
ਅਨਦ ਮੰਗਲ ਬਿਸ੍ਰਾਮ॥
ਨਾਨਕ ਜਪੀਐ ਸਦਾ ਹਰਿ
ਨਿਮਖ ਨ ਬਿਸਰਉ ਨਾਮੁ॥"


www.AKJ.Org

"ਜਾਕੈ ਸਿਮਰਣਿ ਜਮ ਤੇ ਛੁਟੀਐ
ਹਲਤਿ ਪਲੀਤ ਸੁਖੁ ਪਾਈਐ ॥
ਸਾਸਿ ਗਿਰਾਸ ਜਪਹੁ ਰਸਨਾ
ਨੀਤਿ ਨੀਤਿ ਗੁਣ ਗਾਈਐ ॥"

ਉਦਾਹਰਨ ਮਾਤਰ ਏਤਨੇ ਹੀ ਗੁਰ ਪ੍ਰਮਾਣ ਬਥੇਰੇ ਹਨ, ਨਹੀਂ ਤਾਂ ਅਜੇਹੇ ਗੁਰਪ੍ਰਮਾਣਾਂ ਨਾਲ ਸਾਰੀ ਹੀ ਗੁਰਬਾਣੀ ਪੂਰਤ ਹੈ, ਜਿਨ੍ਹਾਂ ਤੋਂ ਕਿ ਬਾਰੰਬਾਰ ਖਿਨ ਖਿਨ ਪਲ ਪਲ ਸੁਆਸ ਸੁਆਸ ਨਾਮ ਜਪਣ ਦਾ ਤਾਕੀਦੀ ਹੁਕਮ ਤੱਤ ਹੁਕਮ ਸਪਸ਼ਟ ਸਿੱਧ ਹੁੰਦਾ ਹੈ ਸੋ ਗੁਰਮਤਿ ਦਾ ਤੱਤ ਗਿਆਨ ਅਤੇ ਸਤਿ ਵੀਚਾਰ ਨਾਮ ਜਪਣ ਬਾਰੰਬਾਰ ਨਾਮ ਜਪਣ ਦਾ ਗੁਰ ਹੁਕਮ ਕਮਾਵਣਾ ਹੈ "ਗੁਰ ਪ੍ਰਸਾਦਿ ਨਾਨਕ ਵਖਾਣੇ ਹਰਿ ਭਜਨ ਤਤੁ ਗਿਆਨੁ" ਵਾਲਾ ਗੁਰਵਾਕ ਸਪਸ਼ਟ ਨਿਰਣੈ ਕਰਾਉਂਦਾ ਹੈ ਕਿ ਹਰਿ ਭਜਨ ਹੀ ਗੁਰਮਤਿ ਅੰਦਰ ਤੱਤ ਗਿਆਨ ਕਰਕੇ ਮੰਨਿਆ ਗਿਆ ਹੈ। ਇਸ ਤੋਂ ਕਉਣ ਮੁਨਕਰ ਹੋ ਸਕਦਾ ਹੈ, ਜੋ ਗੁਰੂ ਕਾ ਸਿੱਖ ਨਹੀਂ, ਗੁਰੂ ਕਾ ਹੁਕਮੀ ਬੰਦਾ ਸਿੱਖ ਨਹੀਂ। ਗੁਰੂ ਕਾ ਸਿੱਖ ਹੈ ਹੀ ਸੋ, ਜੋ ਗੁਰੂ ਕੇ ਭਾਣੇ ਵਿਚ ਆਵੇ, ਗੁਰੂ ਕਾ ਭਾਣਾ ਸੋ ਹੈ, ਜੋ ਗੁਰੂ ਨੂੰ ਭਾਵ ਗੁਰੂ ਨੂੰ ਏਹੋ ਭਾਵੰਦਾ ਹੈ ਕਿ ਗੁਰੂ ਕਾ ਸਿੱਖ 'ਨਾਮ ਜਪਣ' ਰੂਪੀ ਗੁਰੂ ਕਾ ਮੁਖ ਹੁਕਮ ਕਮਾਵੇ। ਤਾਂ ਤੇ ਗੁਰੂ ਕਾ ਹੁਕਮ ਹੀ ਗੁਰੂ ਕਾ ਭਾਣਾ ਹੈ, ਤਾਂ ਹੀ ਤੇ ਗੁਰਵਾਕ ਹੈ 'ਸੋ ਸਿਖ ਸਖਾ ਬੰਧਪੁ ਹੈ ਭਾਈ ਜੋ ਗੁਰ ਕੇ ਭਾਣੇ ਵਿਚਿ ਆਵੈ॥ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥" ਸੋ ਗੁਰੂ ਕਾ ਭਾਣਾ ਹੁਕਮ ਤੱਤ ਹੁਕਮ ਹੁਕਮਾਂ ਸਿਰ ਹੁਕਮ ਤਾਂ ਨਾਮ ਜਪਣਾ ਹੈ। ਇਸ ਹੁਕਮ ਤੋਂ ਉਲਟ ਜੋ ਆਪਣੇ ਭਾਣੇ ਆਪਣੇ ਮਨ ਦੀ ਮਤ ਦੇ ਮਗਰ ਲਗ ਕੇ ਚਲਦੇ ਹਨ। ਸੋ ਮਨਮੁਖ ਹਨ, ਗੁਰੂ ਦੇ ਹੁਕਮ ਤੋਂ ਬੇ-ਮੁਖ ਹਨ। ਉਹਨਾਂ ਦੇ ਸਿਰ ਉਪਰ "ਵਿਛੁੜਿ ਚੋਟਾਂ" ਖਾਣ ਵਾਲਾ ਡੰਡ ਕਰਾਰਾ ਹੈ। ਜੋ ਗੁਰੂ ਕੇ ਹੁਕਮੀ ਬੰਦੇ ਗੁਰਮੁਖ ਸਿਖ ਸਜਨ ਹਨ ਸੋ ਆਪਣੇ ਮਨ ਦੀ ਮਤ ਤਿਆਗ ਕੇ ਭਾਣੇ ਅੰਦਰ ਆਉਂਦੇ ਹਨ। ਅਰਥਾਤ ਗੁਰੂ ਕਾ ਹੁਕਮ ਕਮਾਉਂਦੇ ਹਨ, ਗੁਰ ਕੀ ਕਾਰ ਕਮਾਉਂਦੇ ਹਨ, ਗੁਰੂ ਕੀ ਕਾਰ, ਗੁਰੂ ਕਾ ਭਾਣਾ, ਦੇਖੋ ਇਸ ਹੁਕਮ ਰੂਪੀ ਗੁਰਵਾਕ ਵਿਚ ਕੈਸ[ਾ] ਸਪਸ਼ਟ ਹੈ। ਯਥਾ ਗੁਰਵਾਕ:—

"ਮਨ ਰੇ ਗਰ ਕੀ ਕਾਰ ਕਮਾਇ ॥ ਗੁਰ ਕੈ ਭਾਣੇ ਜੇ ਚਲਹਿ ਤਾ ਅਨਦਿਨ ਰਾਚਹਿ ਹਰਿ ਨਾਇ॥" ਤਾਂਤੇ ਅਨਦਿਨ ਨਾਮ ਵਿਚ ਰਚੇ ਰਹਿਣ ਭਾਵ ਦਿਨ ਰਾਤ ਸਾਸ ਗਿਰਾਸ, ਨਿਮਖ ਨਿਮਖ ਵਿਚ ਨਾਮ ਜਪਣ ਵਾਲੀ ਕਾਰ ਵਿਚ ਲਗੇ ਰਹਿਣ ਏਹੋ ਗੁਰੂ ਕਾ ਭਾਣੇ ਵਿਚ ਚਲਣਾ ਅਤੇ ਗੁਰੂ ਕ[ਾ] ਸੱਚਾ ਹੁਕਮ ਮੰਨਣਾ ਹੈ। ਗੁਰਮਤਿ ਗਿਆਨੀ ਦੀ ਗੁਰਮਤਿ ਤਾਰੀਫ ਕੀ ਹੈ: ਗੁਰੁਵਾਕ :—

"ਸੋਈ ਗਿਆਨੀ ਜਿ ਸਿਮਰੈ ਏਕ ॥
ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥"

ਸਚੀ ਗੁਰਮਤਿ ਬੁਧਿ ਬਿਬੇਕ ਸਚਾ ਗੁਰਮਤਿ ਹਰੀ ਨਾਮ ਸਿਮਰਨ ਰੂਪੀ ਸਚਾ ਧਨ ਸਿੰਚਨ ਕਰਨਾ ਹੀ ਹੈ। ਇਸ ਤੋਂ ਭਿੰਨ ਜੋ ਚੋ੍ਝ ਗਿਆਨ ਅਤੇ ਚੁੰਚ ਫ਼ਿਲਾਸਫ਼ੀਆਂ ਹਨ, ਤਿੰਨਾਂ ਦ[ਾ] ਗੁਰਮਤਿ ਅੰਦਰ ਵਿਧਾਨ ਨਹੀਂ। ਨਾਮ ਰੂਪੀ ਸਚੇ ਨਿਧਾਨ (ਖਜ਼ਾਨੇ) ਨੂੰ ਸਿੰਚਨ ਕਰਾਉਣ ਹਾਰ[ੀ] ਅਤੇ ਦ੍ਰਿੜਾਉਣ ਹਾਰੀ ਗੁਰਮਤਿ ਹੀ ਗੁਰਮਤਿ ਫਿਲਾਸਫ਼ੀ ਹੈ! ਨਾਮ ਤੇ ਬੇਮੁਖ ਕਰਾਉਣ ਹਾਰ[ੀ] ਕਿਸੇ ਮੱਤਿ ਕੁਮਤਿ ਫਿਲਾਸਫੀ ਕਹਿਣਾ ਅ[ਤੇ] ਅਜੇਹੀ ਕਮੱਤਮਤੜੀਆਂ ਭਰੀ ਕਿਸੇ ਪੁਸਤਕ ਨੂੰ ਗੁਰਮਤਿ ਫਿਲਾਸ਼ਫੀ ਦਾ ਖਜ਼ਾਨਾ ਕਹਿਣਾ ਨਿਰ[ੀ] ਹਮਾਕਤ ਅਤੇ ਕੁਸਮਝ ਹੈ। ਜੋ ਕੁਮੱਤ ਮੱਤੜੀ ਨਾਮ ਤੋਂ ਮੁਨਹਰਫ਼ ਕਰਾਵੇ ਤਿਸ ਕੁਮੱਤੜੀਆਂ ਭਰ[ੀ] ਪੁਸਤਕ ਨੂੰ ਪੜ੍ਹਨਾ ਸੁਣਨਾ ਗੁਰਮਤਿ ਤੋਂ ਗੁਮਰਾ[ਹ] ਹੋਣਾ ਹੈ। ਗੁਰਮਤਿ ਨਾਮ ਦੇ ਦ੍ਰਿੜਾਵਣ ਹਾਰ[ੇ] ਸੁਲੇਖ ਲੇਖਾਂ ਨੂੰ ਇਹ ਆਖਣਾ ਕਿ ਫੀ ਜ਼ਮਾਨ[ਾ] ਏਹਨਾਂ ਦੀ ਅਜ ਕਲ ਲੋੜ ਨਹੀਂ, ਮਹ[ਾਂ] ਆਗਿਆਨ ਭਰੀ ਕਜ ਫਹਿਮੀ ਹੈ। ਦੇਖਹੁ ਹੇਠ ਲਿਖਿਆ ਗੁਰ ਫੁਰਮਾਨ ਇਸ ਪ੍ਰਥਾਇ ਕੈਸਾ ਸਚ ਨਿਤਾਰਦਾ ਹੈ, ਯਥਾ ਗੁਰਵਾਕ:—

ਬਿਲਾਵਲ ਮ: ੩

"ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰ[ਹੁ]

www.AKJ.Org

ਗੁਮਾਨਾ ॥ ੧ ॥ ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰ ਰਵੈ ਹਰਿਨਾਮਾ ॥ ੧ ॥ ਰਹਾਉ ॥ ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ, ਕਲਿ ਮਹਿ ਕੀਰਤ ਹਰਨਾਮਾ ॥ ੨ ॥ ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਣਾ ॥ ਗੁਰਮੁਖ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਣਾ ॥ ੩ ॥ ਕਹਿਤ ਨਾਨਕ ਸਚੇ ਸਿਉ ਪ੍ਰੀਤ ਲਾਏ ਚੂਕੇ ਮਨਿ ਅਭਿਮਾਨਾ ॥ ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥ ੪ ॥

ਦੇਖੋ ! ਇਸ ਗੁਰਵਾਕ ਨੇ ਕੈਸਾ ਸਚ ਨਿਆਉ ਨਿਬੇੜਾ ਕੀਤਾ ਹੈ। ਕਈ ਫ਼ਿਲਾਸਫ਼ਰ ਕਹਿੰਦੇ ਹਨ, ਕਿ ਜ਼ਮਾਨਾ ਨਾਮ ਦੀ ਲੋੜ ਨਹੀਂ, ਨਾਮ ਮਹਿਮਾ ਪ੍ਰਗਟਾਉਣ ਦ੍ਰਿੜਾਉਣ ਦੀ ਲੋੜ ਨਹੀਂ। ਇਸ ਪਰਪੰਚ ਵਿਖੇ ਵਡਿਆਈ ਅਤੇ ਮਹਿਮਾ ਸਚੇ ਨਾਮ ਦੀ ਹੈ। ਐਸਾ ਫੁਰਮਾਨ ਸਤਿਗੁਰੂ ਸਾਹਿਬ ਹੀ ਫ਼ੁਰਮਾਉਂਦੇ ਹਨ। ਸਤਿਗੁਰੂ ਦੇ ਇਸ ਫ਼ੁਰਮਾਨ ਦੇ ਅਗੇ ਨਾਮ ਤੇ ਉਲਟ ਬੋਹਤਾਨ ਕੀ ਹੈਸੀਅਤ ਹਕੀਕਤ ਰਖਦੇ ਹਨ, ਐਸਾ ਹੀ ਹੈ ਅਤੇ ਹੋਇ ਵਰਤਣਾ ਹੈ ਜੈਸਾ ਕਿ ਉਪਰ ਸਤਿਗੁਰੂ ਸਾਹਿਬ ਨੇ ਫੁਰਮਾਇਆ ਹੈ। ਇਸ ਤੋਂ ਉਲਟ "ਮਤ ਕੋ ਧਰਹੁ ਗੁਮਾਨਾ" ਕੋਈ ਕੂੜਾ ਗੁਮਾਨ ਮਤ ਕਰੇ। ਜਿਸ ਵਡਭਾਗੇ ਗੁਰਮੁਖ ਨੂੰ ਸਤਿਗੁਰੂ ਦੀ ਮੱਤ ਆਈ ਹੈ, ਉਹ ਸਤਿਗੁਰੂ ਦੀ ਰਜ਼ਾ ਵਿਚ ਸਮਾਇਆ ਜਾਣਾ ਆਪਣਾ ਸੁਭਾਗ ਸਮਝਦਾ ਹੈ। ਸਤਿਗੁਰੂ ਦੀ ਰਜ਼ਾਇ ਵਿਚ ਸਮਾਉਣਾ ਹੀ ਦਰ ਹਕੀਕਤ ਸਤਿਗੁਰੂ ਦੀ ਪਰਮ ਜੋਤ ਤੱਤ ਰਜ਼ਾ ਨਾਮ ਵਿਚ ਲੀਨ ਹੋਣਾ ਹੈ। ਤਾਂ ਤੇ ਨਾਮ ਵਿਖੇ ਲੀਨਤਾ ਹੀ ਸਤਿਗੁਰ ਮਾਂਹਿ ਜੋਤੀ ਜੋਤਿ ਸਮਾਉਣਾ ਹੈ ਅਤੇ ਜੀਉਂਦੇ ਜੀ ਹੀ ਸਮਾਇ ਜਾਣਾ ਅਤੇ ਸਰੀਰ ਤਿਆਗਿ ਕੇ ਭੀ ਸਮਾਇ ਰਹਿਣਾ ਹੈ। ਜਿਸ ਨੂੰ ਮਨ ਬਚ ਕ੍ਰਮ ਕਰਕੇ ਗੁਰਬਾਣੀ ਉਤੇ ਸਰਧਾ ਭਾਵਨੀ ਆਈ ਹੈ, ਤਿਸ ਦੇ ਕੇਵਲ ਤਿਸ ਦੇ ਅੰਤਰਿ ਹੀ [ਰੋਮ ਰੋਮ ਵਿਖੇ] ਗੁਰਮਤਿ ਨਾਮੁ ਰਮਿਆ ਹੈ, ਵਾਹ ਕੈਸਾ ਭਰਮ ਨਿਵਾਰਨੀ ਗੁਰਵਾਕ ਹੈ:—"ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ'। ਚਹੁ ਜੁਗਾਂ ਦਾ ਹੁਣੇ ਇਸ ਜੁਗ ਅੰਦਰਿ ਕਿ ਜ਼ਮਾਨਾ ਹੀ ਨਿਬੇੜਾ ਹੋਣਾ ਹੈ, ਕਿਉਂਕਿ ਏਸੇ ਜੁਗ ਜ਼ਮਾਨੇ ਅੰਦਰ ਸਾਰੇ ਜੁਗਾਂ ਦਾ ਨਿਬੇੜਾ ਕਰਨ ਲਈ, ਇਸ ਜੁਗ ਸਮੇਤ ਸਾਰੇ ਜੁਗਾਂ ਦਾ ਨਸਤਾਰਾ ਕਰਨ ਲਈ, ਗੁਰੂ ਸਤਿਗੁਰੂ ਸਚੇ ਵੈਦ ਗੁਰੂ ਗੁਰ ਨਾਨਕ ਸਾਹਿਬ ਦੇ ਦੁਆਰਿਓਂ ਨਰ ਮਨੁਖਾਂ ਨੂੰ ਇਕੋ ਨਿਧਾਨ ਨਾਮ ਰੂਪੀ ਸਚਾ ਨਿਧਾਨ ਮਿਲਿਆ ਹੈ। ਸੋ ਜਿਨ੍ਹਾਂ ਗੁਰਮੁਖਾਂ ਇਸ ਸਚੇ ਨਾਮ ਨਿਧਾਨ ਨੂੰ ਸੰਚਿਆ ਹੈ [ਜਪਿਆ, ਧਿਆਇਆ ਹੈ ਨਾਮ ਨੂੰ] ਸੋ ਜਗ ਵਿਖੇ ਇਸ ਸੰਸਾਰ ਅੰਦਰਿ ਸੋਈ ਗੁਰਮੁਖ ਜਨ ਹੀ ਪੂਰੇ ਉਤਰਦੇ ਹਨ, ਅਤੇ ਦਰ ਪਰਵਾਨ ਪਏ ਹਨ। ਤਾਂ ਤੇ ਗੁਰਮਤਿ ਨਾਮ ਸਚੇ ਨਾਮ ਨੂੰ ਕਹਿਣ ਸੁਨਣ ਅਤੇ ਕਮਾਉਣਹਾਰੇ ਸਾਰੇ ਹੀ ਸੁਖ ਧਾਮ ਨੂੰ ਪ੍ਰਾਪਤ ਹੋਣਗੇ ਅਤੇ ਸਚੇ ਨਿਧਾਨ ਦੇ ਧਨੀ ਬਣਨਗੇ। ਨਾਮਧਰੀਕ ਸਿਖਾਂ ਨੂੰ ਨਾਮ ਦ੍ਰਿੜ ਨਾ ਹੋਣ ਦਾ ਅਸਲ ਕਾਰਨ ਏਹ ਹੈ ਕਿ ਉਨ੍ਹਾਂ ਦੀ 'ਇਹ ਬਾਣੀ ਜੋ ਜੀਅਹੁ ਜਾਣੈ' ਦੇ ਗੁਰਵਾਕ ਭਾਵ ਵਾਲੀ ਸਰਧਾ ਬਿਰਤੀ ਨਹੀਂ ਹੋਈ। ਜੇ ਹੋ ਜਾਵੇ ਅਤੇ ਅਜੇਹੀ ਸਰਧਾ ਭਾਵਨੀ ਆ ਜਾਵੇ ਤਾਂ ਉਹਨਾਂ ਦੇ ਰਿਦੰਤਰਿ ਨਾਮ ਜ਼ਰੂਰ ਦ੍ਰਿੜ ਹੋ ਜਾਵੇ ਅਤੇ ਉਹ ਤੱਤਪਰ ਹੋ ਕੇ ਨਾਮ ਨੂੰ ਜਪਣ ਲਗ ਜਾਣ। ਗਿਆਨ ਵਿਚਾਰ ਦੇ ਗੁਮਾਨੀ ਲਕ ਬਹੁਤੀਆਂ ਅਕਲਾਂ ਵਾਲੇ ਪੜ੍ਹਾਕੂ ਅਕਲੱਈਆਂ ਦੀ ਸ਼ਰਧਾ ਨਾਮ ਜਪਣ ਵਾਲੀ ਗਲ ਤੇ ਠਹਿਰਦੀ ਨਹੀਂ। ਓਹ ਨਾਮ ਜਪਣ ਨੂੰ ਇਕ ਕਮਲੀ ਜੇਹੀ ਅਤੇ ਫੋਕੀ ਅਤੇ ਸੌਖੀ ਸਾਧਾਰਣ ਗਲ ਸਮਝਦੇ ਹਨ, ਜੋ ਗਿਆਨ ਦੇ ਮਹੱਤ ਤੋਂ ਉਹਨਾਂ ਨੂੰ ਬਹੁਤ ਨੀਵੀਂ ਭਾਸਦੀ ਹੈ। ਏਸ ਕਰ ਕੇ ਓਹ ਇਕ ਦਮ ਟੀਸੀ ਦੀਆਂ ਗਲਾਂ ਸੋਚਣ ਚਿਤਵਣ ਲਗ ਪੈਂਦੇ ਹਨ ਅਤੇ ਨਾਮ ਨੂੰ ਟੀਸੀ ਦੀ ਉਚੀ ਸੋਚ ਵਿਚਾਰ ਵਿਚ ਲੈ ਜਾਣਾ ਹੀ ਗੁਰਮਤਿ ਦੀ ਗੌਰਵਤਾ ਸਮਝਦੇ ਹਨ। ਸਾਧਾਰਨ ਨਾਮ ਜਪਣ ਨੂੰ ਓਹ ਇਕ ਹੌਲੀ ਹਲਕੀ ਜੇਹੀ ਗਲ ਸ਼ੁਮਾਰ ਕਰਦੇ ਹਨ। ਕਈ ਤਾਂ

www.AKJ.Org

ਨਾਮ ਨੂੰ ਜਾਪ ਬਵਸਥਾ ਤੋਂ ਅਗਮ ਅਗੋਚਰ ਸਰਬ ਵਿਆਪਕ ਹੋਂਦ ਦੀ ਤਾਰੀਫ਼ ਵਿਚ ਵਿਆਪਤ ਕਰਦੇ ਹਨ ਅਤੇ ਕਈ ਸਤਿਨਾਮੀਏ ਗਿਆਨੀ ਗੁਣੀ ਨਾਮ ਬਵਸਥਾ ਨੂੰ ਸੁਰਤਿ ਮੰਡਲਾਂ ਦੀਆਂ ਖੇਡਾਂ ਹੀ ਦਸਦੇ ਹਨ। ਓਹ ਕਹਿੰਦੇ ਹਨ ਜਦੋਂ ਸੁਰਤ ਮੰਡਲ ਵਾਲੀ ਮੰਜ਼ਲ ਪ੍ਰਾਪਤ ਹੋਵੇਗੀ, ਓਦੋਂ ਏਹ ਅਗੰਮੀ ਨਾਮ ਆਪੇ ਸੁਣਨ ਲਗ ਪਵੇਗਾ ਅਤੇ ਓਦੋਂ ਹੀ ਜਗਿਆਸੂ ਦਾ ਧਿਆਨ ਨਾਮ ਧਿਆਉਣ ਵਿਚ ਜੁੜੇਗਾ ਅਤੇ ਓਦੋਂ ਹੀ ਓਸ ਅਗੰਮ ਅਗੋਚਰੀ ਨਾਮ ਦੇ ਸੁਣਨ ਮੰਨਣ ਨਿਧਿਆਸਨ ਦੀਆਂ ਸ਼ਕਤੀਆਂ ਪ੍ਰਫੁਲਤ ਹੋਣਗੀਆਂ। ਅਸੀਂ ਅਜੇਹੇ ਸੁਰਤਿ ਮੰਡਲੀਆਂ ਨੂੰ ਪੁਛਦੇ ਹਾਂ ਕਿ ਸੁਰਤਿ ਮੰਡਲ ਵਿਚ ਲੈ ਜਾਣ ਦੀ ਉਪਾਉ ਜੁਗਤੀ ਯਾ ਪ੍ਰੀਸ਼ਰਮ ਕਮਾਈ ਓਹਨਾਂ ਪਾਸ ਕੇਹੜੀ ਹੈ। ਓਹਨਾਂ ਦੀ ਅਨੁਮਾਨੀ ਅੰਤਰਿ ਆਤਮਿਕ ਅਨਭਵੀ ਮੰਜ਼ਲ ਨੂੰ ਪਹੁੰਚਾਉਣ ਵਾਸਤੇ ਕੇਹੜਾ ਅਮਲ ਅਭਿਆਸ ਹੈ। ਕੇਵਲ ਫ਼ਿਕਰ ਸੋਚ (Imaginarion) ਨਾਲ ਹੀ ਓਹ ਉੱਚ ਬਵਸਥਾ ਨੂੰ ਪਹੁੰਚਿਆ ਲੋੜਦੇ ਹਨ। ਅਥਵਾ (Meditation) ਯਾ ਅੰਤਰਮੁਖਤਾ (Introspection) ਵਾਲੀ (Positive atirude) ਧਾਰਨ ਕਰ ਕੇ ਉਸ ਬ੍ਰਹਮ ਕਲਾ ਦੇ ਪਦ ਨੂੰ ਪ੍ਰਾਪਤ ਕਰਿਆ ਮੰਨਦੇ ਹਨ, ਪਰ ਇਹ ਸਾਰੀਆਂ ਬਿਰਤੀਆਂ ਗੁਰਮਤਿ ਦੇ ਪ੍ਰਤਿਕੂਲ ਹਨ। 'ਸੋਚੈ ਸੋਚ ਨ ਹੋਵਈ ਜੇ ਸੋਚੀ ਲਖਵਾਰ' ਅਤੇ 'ਚੁਪੈ ਚੁਪਿ ਨਾ ਹੋਵਈ ਜੇ ਲਾਇ ਰਹਾ ਲਿਵਤਾਰ' ਵਾਲੇ ਗੁਰਵਾਕ ਹੀ ਇਸ ਮਨ ਕਲਪਤ ਅਮਲ ਅਭਿਆਸ ਦਾ ਖੰਡਨ ਕਰ ਦਿੰਦੇ ਹਨ। ਪਰਮ ਪਦ ਨੂੰ ਪਹੁੰਚਣ ਲਈ ਤਾਂ ਨਾਮ ਅਭਿਆਸ ਕਮਾਈ ਦੀ ਲੋੜ ਹੈ। ਅਲਪੱਗ ਮਤੜੀਆਂ ਦੇ ਮਨ ਕਲਪਤ ਅਮਲ ਅਭਿਆਸ ਜੇ ਕਾਫ਼ੀ ਹੁੰਦੇ ਤਾਂ ਸਰਬੱਗ ਸਤਿਗੁਰੂ ਨੂੰ ਨਾਮ ਦਾਰੂ ਲਿਆਉਣ ਲਾਉਣ ਵਰਤਣ ਵਰਤਾਣ ਦੀ ਕੀ ਲੋੜ ਸੀ ? ਨਾਮ ਦੁਆਰਾ ਹੀ ਸੁਰਤੀਆਂ ਬਿਰਤੀਆਂ ਖੁਲ੍ਹਣੀਆਂ ਹਨ। ਅਗਮ ਅਗੋਚਰੀ ਮੰਜ਼ਲਾਂ ਤੋੜੀ ਧੁਰ ਪਹੁੰਚਾਣ ਲਈ ਧੁਰ ਕੀ ਆਈ ਅਗਮ ਅਗੋਚਰ ਅਉਖਧੀ, ਹਾਂ ਜੀ ਗੁਰੂ ਨਾਨਕ ਸਚੇ ਵੈਦ ਰਾਹੀ ਧੁਰ ਤੋਂ ਆਈ ਅਮਰ-ਜੀਵਨੀ ਜੀਵਨ-ਬੂਟੀ ਹ ਗੁਣਕਾਰੀ ਹੈ। ਅਸਲ ਗਲ ਇਹ ਹੈ ਕਿ ਆਮ ਜਗਿਆਸੂ ਇਸ ਜੀਵਨ ਬੂਟੀ ਦੀ ਅੰਮ੍ਰਿਤ ਕਲ ਤੋਂ ਉਕੇ ਹੀ ਅਸਰਧਕ ਹਨ, ਉਹਨਾਂ ਨੂੰ ਇਹ ਪਤੀਜ ਨਹੀਂ ਆਉਂਦੀ ਕਿ ਨਾਮ ਵਿਚ ਪਾਰਸ ਕਲਾ ਹੈ, ਉਹ ਇਸ ਪਾਰਸ ਨੂੰ ਪਰਸਦੇ ਹੀ ਨਹੀਂ। ਪਰਸਣ ਤਾਂ ਜੇ ਉਹਨਾਂ ਨੂੰ ਨਾਮ ਦੇ ਪਾਰਸ ਰੂਪ ਹੋਣ ਵਿਚ ਸ਼ਰਧਾ ਅਤੇ ਸਚਾ ਯਕੀਨ ਭਰੋਸਾ ਹੋਵੇ। ਪਾਰਸ ਪਰਸੇ ਬਿਨਾਂ ਜੇ ਕੋਈ ਲੋਹੇ ਨੂੰ ਸੋਨਾ ਬਣਾਉਣਾ ਲੋਚੇ ਤਾਂ ਕਦੇ ਮੁਮਕਿਨ ਨਹੀਂ। ਯਥਾ ਗੁਰਵਾਕ:—

'ਲੋਹਾ ਹਿਰਨੁ ਹੋਇ ਕੈਸੇ ਜਉ ਪਾਰਸੈ ਨ ਪਰਸੇ।'

ਨਾਮ ਨੂੰ ਜਪਣਾ ਨਾਮ ਦਾ ਅਭਿਆਸ ਕਰਨਾ ਨਾਮ ਰੂਪੀ ਪਾਰਸ ਨੂੰ ਪਰਸਣਾ ਹੈ। ਪਰ ਇਸ ਦੀ ਪਾਰਸ ਕਲਾ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨੇ ਕਿ ਇਸ ਨੂੰ ਪਰਸਿਆ ਹੋਵੇ। ਪਰ ਇਹ ਐਸਾ ਪਾਰਸ ਹੈ, ਜਿਸ ਨੂੰ ਖਿਨ ਖਿਨ ਪਰਸਣ ਦੀ ਲੋੜ ਹੈ। ਜਿਉਂ ਜਿਉਂ ਇਸਨੂੰ ਪਰਸੋਗੇ ਤਿਉਂ ਤਿਉਂ ਪਾਰਸ ਹੁੰਦੇ ਚਲੇ ਜਾਓਗੇ। ਪਾਰਸ ਕਲਾ ਦੀਆਂ ਡਿਗਰੀਆਂ ਪਰੇ ਤੋਂ ਪਰੇ ਹਨ ਤੇ ਪਾਰਸ ਪਰਸਨ ਵਾਲਾ ਅਮਲ ਅਭਿਆਸ ਭੀ ਪਰੇ ਹੈ। ਲੋਕ ਤਾਂ ਛੂ ਮੰਤਰ ਕੀ ਛਾਈ ਹੀ ਲੋੜਦੇ ਹਨ, ਪਰ ਗੁਰੂ ਘਰ ਵਿਚ ਸਭ ਕੁਛ ਹੈ। ਅੰਮ੍ਰਿਤ ਨਾਮ, ਪਾਰਸ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਜਿਸ ਅੰਮ੍ਰਿਤ ਅਧਿਕਾਰੀ ਸਿਖੀ ਦੇ ਜਗਿਆਸੂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਗੁਰ ਮੰਤ੍ਰ ਦੀ ਅਮਰ ਜੀਵਨੀ ਗੁੜ੍ਹਤੀ ਮਿਲ ਗਈ, ਉਸ ਦੇ ਅੰਤਰ ਆਤਮੇ ਅੰਮ੍ਰਿਤ ਛਕਣ ਸਾਰ ਅਤੇ ਅੰਮ੍ਰਿਤ ਨਾਮ ਮਿਲਣਸਾਰ ਹੀ ਛਿਨਕ ਮਾਤਰ ਵਿਚ ਪਾਰਸ ਕਲਾ ਪਰਵੇਸ਼ ਹੋ ਜਾਂਵਦੀ ਹੈ। ਰਸ ਜੋਤਿ-ਪ੍ਰਕਾਸ਼ ਵਾਲੀ ਬਵਸਥਾ ਕੇਵਲ ਇਸ ਅੰਮ੍ਰਿਤ ਨਾਮ ਦੀ ਪਾਰਸ ਕਲਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਜਿਉਂ ਜਿਉਂ

www.AKJ.Org

ਨਾਮ ਅਭਿਆਸ ਕਮਾਈ ਹੋਵੇਗੀ, ਤਿਉਂ ਤਿਉਂ ਰਸ-ਜੋਤਿ-ਪ੍ਰਕਾਸ਼ ਕਣੀ ਦਾ ਵਿਗਾਸ ਵਧੇਰੇ ਤੋਂ ਵਧੇਰੇ ਹੁੰਦਾ ਚਲਾ ਜਾਏਗਾ। ਇਸ ਜੋਤ ਪ੍ਰਕਾਸ਼ ਅਵਸਥਾ ਦੇ ਚੜ੍ਹਾਉ ਦਾ ਥਾਹ ਕੁਛ ਨਹੀਂ। ਪਰੇ ਤੋਂ ਪਰੇ ਹੈ, ਅਤੇ ਨਾਮ ਅਭਿਆਸ ਕਮਾਈ ਦਾ ਭੀ ਥਾਹ ਨਹੀਂ ਹੈ। ਜਿਨ੍ਹਾਂ ਪੂਰਬ-ਅੰਕਰ ਕਰਮ ਜ਼ਰੂਰੀ ਜਨਾਂ ਉਤੇ ਅੰਮ੍ਰਿਤ ਛਕਣ ਸਮੇਂ ਉੱਪਰ ਲਿਖੇ ਅਨੁਸਾਰ ਤੱਤ ਕਾਲ ਹੀ ਰਸ-ਜੋਤਿ ਪ੍ਰਕਾਸ਼ ਵਾਲੀ ਖੇਡ ਨਹੀਂ ਵਰਤਦੀ, ਪਰ ਨਾਮ ਗੁਰਮੰਤ੍ਰ ਦੀ ਦ੍ਰਿੜ ਪ੍ਰਾਪਤੀ ਹੋ ਜਾਂਦੀ ਹੈ, ਉਹ ਭੀ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ ਪ੍ਰਕਾਸ਼ ਵਾਲਾ ਜਲਵਾ ਦੇਖ ਸਕਦੇ ਹਨ, ਪਰ ਇਸ ਰਸ ਜੋਤਿ ਪ੍ਰਕਾਸ਼ ਦੇ ਜਲਵੇ ਵਾਲੀ ਭੀ ਅਕਥ ਕਥਾ ਹੈ। ਜੋ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਅਭਿਆਸੀ ਜਨ ਪਰ ਨਾਮ ਅਭਿਆਸ ਕਮਾਈ ਦੁਆਰਾ ਏਹ ਦਸ਼ਾ ਜ਼ਰੂਰੀ ਵਰਤਦੀ ਹੈ ਕਿਉਂਕਿ ਨਾਮ ਵਿਚ ਪਾਰਸ ਕਲਾ ਹੈ। ਜਿਉਂ ਜਿਉਂ ਇਸ ਨੂੰ ਪਰਸੋਗੇ ਅਰਥਾਤ ਜਿਉਂ ਜਿਉਂ ਇਸ ਦਾ ਅਭਿਆਸ ਕਮਾਈ ਕਰੋਗੇ, ਤਿਉਂ ਤਿਉਂ ਇਸ ਦਾ ਪਾਰਸ ਤਿਲਸਮੀ ਮੁਅਜਜ਼ਾ ਵਰਤਦਾ ਜਾਣਾ ਹੈ। ਲੋਕੀ ਕਹਿੰਦੇ ਹਨ ਕਿ ਬਥੇਰਾ ਬਾਣੀ ਪੜ੍ਹਦੇ ਹਾਂ, ਬਥੇਰਾ ਨਾਮ ਜਪਦੇ ਹਾਂ, ਕੁਛ ਨਹੀਂ ਬਣਦਾ, ਸਾਨੂੰ ਐਨੇ ਸਾਲ ਹੋ ਗਏ ਪਰ ਜੋ ਕੁਛ ਨਾਮ ਬਾਣੀ ਸੁਨਣ ਪੜ੍ਹਨ ਦਾ ਮਹਾਤਮ ਗੁਰਬਾਣੀ ਵਿਚ ਲਿਖਿਆ ਹੈ ਉਸ ਬਵਸਥਾ ਵਾਲੀ ਘਟਨਾ ਨਹੀਂ ਘਟੀ! ਇਹ ਉਹਨਾਂ ਦਾ ਕਹਿਣਾ ਫ਼ਜ਼ੂਲ ਹੈ। ਯਾ ਤਾਂ ਉਹਨਾਂ ਨੂੰ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਅੰਮ੍ਰਿਤ ਛਕਣ ਦੀ ਬਿਧੀ ਅਤੇ ਗੁਰਮੰਤ੍ਰ ਦੀ ਪ੍ਰਾਪਤੀ ਨਹੀਂ ਹੋਈ ਯਾ ਅੰਮ੍ਰਿਤ ਛਕਣ ਪਸਚਾਤ ਕੁਛ ਬਿਘਨ ਪੈ ਗਿਆ ਹੈ। ਏਹ ਗਲ ਪੱਕੀ ਹੈ ਕਿ ਨਿਗੁਰੇ ਪੁਰਸ਼ਾਂ ਨੂੰ ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ, ਨਾਮ ਨਹੀਂ ਪ੍ਰਾਪਤ ਹੋ ਸਕਦਾ। ਨਾਮ ਦੀ ਪ੍ਰਾਪਤੀ ਪਿਛੋਂ ਨਾਮ ਦੀ ਕਮਾਈ ਸਿਮਰਣ, ਗੁਰਬਾਣੀ ਦੀ ਅਤੇ ਕੇਵਲ ਗੁਰਬਾਣੀ ਦੀ ਕਮਾਈ ਉਹਨਾਂ ਦੀ ਰੂੰਗੇ ਮਾਤ੍ਰ ਹੀ ਹੁੰਦੀ ਹੈ, ਅਤੇ ਅੰਮ੍ਰਿਤ ਛਕ ਕੇ ਨਾਮ ਪ੍ਰਾਪਤ ਕਰ ਕੇ ਭੀ ਬਹੁਤ ਸਾਰੇ ਜਗਿਆਸੂ ਹੁੰਦੇ ਹਨ ਕਿ ਜਿਨ੍ਹਾਂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਰਸ ਪਰਕਾਸ਼ਤ ਨਹੀਂ ਹੋਇਆ ਹੁੰਦਾ ਤਾਂ ਤੇ ਉਹਨਾਂ ਦੀ ਨਾਮ ਦੀ ਅਤੇ ਬਾਣੀ ਦੀ ਕਮਾਈ ਬਹੁਤ ਥੋੜੀ ਹੁੰਦੀ ਹੈ। ਨਾਮ ਬਾਣੀ ਵਿਚ ਲਥ ਪਥ ਹੋ ਕੇ ਜੁਟੇ ਬਿਨਾਂ ਤਾਂ 'ਸੇਵਾ ਥੋਰੀ ਮਾਗਨ ਬਹੁਤਾ' ਵਾਲੀ ਗਲ ਹੀ ਰਹਿ ਜਾਂਦੀ ਹੈ। ਜਿਸ ਪ੍ਰਕਾਰ ਕਿ ਮਾਇਆ ਦੇ ਧੰਦ ਬੰਦ ਵਿਚ ਪ੍ਰਾਣੀ ਲਥ ਪਥ ਅਤੇ ਲੰਪਟੀ ਰਹਿੰਦਾ ਹੈ, ਇਸ ਪਰਕਾਰ ਇਕ ਵਾਰ ਤਾਂ ਰਾਤ ਦਿਨ ਕਰ ਕੇ ਨਾਮ ਕਮਾਈ ਵਿਚ ਜੁਟਣਾ ਪੈਂਦਾ ਹੈ। ਪਹਿਲੇ ਪਹਿਲ ਸਿਲ ਅਲੂਣੀ ਚੱਟਣੀ ਪੈਂਦੀ ਹੈ, ਜਦ ਤਾਂਈ ਕਿ ਨਾਮ ਦਾ ਰਸ ਨਹੀਂ ਆਉਂਦਾ। ਪਹਿਲਾਂ ਤਾਂ ਇਸ ਜੀਉੜੇ ਨੂੰ ਜਨਮ ੨ ਦੀ ਮੈਲ ਲਗੀ ਹੋਈ ਹੁੰਦੀ ਹੈ, ਫੇਰ ਏਸ ਜਨਮ ਵਿਚ ਆ ਕੇ ਭੀ ਮਸਾਂ ਪਾਸੰਗ ਮਾਤਰ ਹੀ ਇਸ ਦੀ ਕਮਾਈ ਹੁੰਦੀ ਹੈ, ਤਾਂ ਅਨਮਾਨ ਲਗਾ ਲਵੋ ਕਿ ਓਸ ਦਾ ਏਹ ਆਖਣਾ ਕੀ ਅਰਥ ਰਖਦਾ ਹੈ ਕਿ ਮੈਂ ਬੜੀ ਕਮਾਈ ਕੀਤੀ, ਬੜੀ ਬਾਣੀ ਪੜ੍ਹੀ ਸੁਣੀ ਪਰ ਕਖ ਨਹੀਂ ਬਣਿਆ। ਏਹ ਉਸਦਾ ਆਖਣਾ ਗ਼ਲਤ ਅਤੇ ਕੋਰਾ ਝੂਠ ਹੈ ਜਨਮ ਮਰਨ ਦੇ ਕੁਕਰਮਾਂ ਦੀ ਮੈਲ ਦੇ ਮੁਕਾਬਲੇ ਵਿਚ ਕਮਾਈ ਤਾਂ ਨਹੁੰ ਮਾਤਰ ਭੀ ਨਹੀਂ ਹੁੰਦੀ। ਸਮੇਂ ਦਾ ਦਸੌਂਦ ਭੀ ਨਹੀਂ ਲੇਖੇ ਲਗਦਾ, ਨਾਮ ਬਾਣੀ ਦੀ ਕਮਾਈ ਵਿਚ,ਤਾਂ ਉਸਦਾ ਸ਼ੰਕਾ ਬਿਰਥਾ ਅਤੇ ਬਿਲਕੁਲ ਫ਼ਜ਼ੂਲ ਹੈ। ਵੈਦ ਗੁਰੂ ਦੇ ਹੁਕਮ ਅਨੁਸਾਰ ਓਹ ਕਮਾਈ ਹੀ ਨਹੀਂ ਕਰਦਾ ਅਤੇ ਨਾਂ ਹੀ ਵੈਦ ਗੁਰੂ ਦੀ ਹਦਾਇਤ ਅਨੁਸਾਰ ਪਥ ਸੰਜਮ ਰਖਦਾ ਹੈ ਅਤੇ ਬਿਰਥਾ ਦੋਸ਼ ਨਾਮ ਬਾਣੀ ਨੂੰ ਦਿੰਦਾ ਹੈ। ਕੀ 'ਦੰਮ ਦੰਮ ਸਦਾ ਸਮਾਲਦਾ ਦੰਮ ਨਾ ਬਿਰਥਾ ਜਾਇ' ਦੇ ਵਾਕ ਅਨੁਸਾਰੀ ਹਦਾਇਤ ਉਤੇ ਓਹ ਪੂਰੀ ਵਰਤੋਂ ਕਰਦਾ ਹੈ ? ਕਦੇ ਨਹੀਂ। ਜੇ ਕਰੇ ਤਾਂ ਨਾਮ ਬਾਣੀ ਪਾਰਸ ਕਲਾ ਜ਼ਰੂਰ ਵਰਤੇ :—

ਪੂਛਤ ਹੈ ਵੈਦ ਖਾਤ ਅਉਖਦ ਨਾ ਸੰਜਮ ਸੇਤੀ,
ਕੈਸੇ ਮਿਟੈ ਰੋਗ ਸੁਖ ਸਹਜ ਸਮਾਈਐ ॥


www.AKJ.Org

ਗਾਏ, ਸੁਨੇ, ਆਂਖੇ ਮੀਚੇ ਪਾਈਐ ਨ ਪਰਮ ਪਦ,
ਗੁਰ ਉਪਦੇਸ ਗਹਿ ਜਉ ਲਉ ਰਿਦੇ ਨਾ ਕਮਾਈਐ ॥

ਵਾਲਾ ਭਾਈ ਗੁਰਦਾਸ ਜੀ ਦਾ ਭਾਵ ਬਿਲਕੁਲ ਸਤਿ ਹੈ। ਬਸ! ਗੁਰ ਉਪਦੇਸ਼ ਗਹਿ ਕਰ ਕੇ ਕਮਾਉਣ ਵਿਚ ਹੀ ਕਸਰ ਰਹਿ ਜਾਂਦੀ ਹੈ। ਆਮ ਤੌਰ ਤੇ ਤਾਂ ਇਸ ਗੁਰ ਉਪਦੇਸ਼ ਨੂੰ ਲੋਕੀ ਸਰਸਰੀ ਅਰਥਾਂ ਵਾਲਾ ਉਪਦੇਸ਼ ਹੀ ਸਮਝਦੇ ਹਨ ਪਰ ਗੁਰਮਤਿ ਦਾ ਸਚਾ ਉਪਦੇਸ਼ ਕੀ ਹੈ ਅਤੇ ਉਸ ਉਤੇ ਅਮਲ ਕਰਨ ਦੀ ਪਾਰਸ ਕਲਾ ਕੀ ਵਰਤਦੀ ਹੈ? ਓਹ ਇਸ ਇਕ ਗੁਰਵਾਕ ਪੰਗਤੀ ਵਿਚ ਬੜੀ ਅਸਚਰਜ ਸੁੰਦਰਤਾ ਸਹਿਤ ਗੁੰਫਨ ਹੈ। ਯਥਾ:

'ਸਚਾ ਉਪਦੇਸ ਹਰਿ ਜਾਪਣਾ ਮਲ ਜਨਮ ਜਨਮ ਕੀ ਕਾਟ।'

ਭਾਵ ਨਾਮ ਜਪਣ ਰੂਪੀ ਸਚੇ ਹੁਕਮ ਉਪਦੇਸ਼ ਦੀ ਪਾਰਸ ਕਮਾਈ ਦੇ ਤੁਫੈਲ ਜਨਮ ਜਨਮ ਦੀ ਮੈਲ ਕੱਟੀ ਜਾਂਦੀ ਹੈ। ਹੁਣ ਜੀਉ ਕਰਦਾ ਹੈ ਕਿ ਨਾਮ ਜਪਣ ਦੀ ਪਾਰਸ ਕਲਾ ਪ੍ਰਥਾਇ ਕੁਛ ਕੁ ਗੁਰ ਪ੍ਰਮਾਣਾਂ ਦੀ ਲੜੀ ਲਿਖੀ ਜਾਏ। ਤਾਂ ਕਿ ਇਹ ਗਲ ਭਲੀ ਭਾਂਤ ਸਿਧ ਹੋ ਜਾਵੇ ਕਿ ਨਾਮ ਜਪਣਾ ਕਦੇ ਬਿਰਥਾ ਨਹੀਂ ਜਾਂਦਾ। ਨਾਮ ਰੂਪੀ ਅਉਖਧੀ ਵਰਤਣ ਕਰਿ ਸਾਰੇ ਸਰੀਰਕ ਅਤੇ ਮਾਨਸਕ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ ਅਤੇ ਨਾਮ ਦੇ ਜਪਣ ਕਰਿ ਅਮਿਤ ਬਰਕਤਾਂ ਆ ਉਠਦੀਆਂ ਹਨ ਅਤੇ ਅਕਲ ਕਲਾਮਈ ਨਾਨਾ ਪਰਕਾਰ ਦੀ ਪਾਰਸ ਸ਼ਕਤੀ ਪਰਾਪਤ ਹੁੰਦੀ ਹੈ। ਤਾਂ ਤੇ ਨਾਮ ਮਹਿਮਾ ਵਾਲੇ ਗੁਰ ਪਰਮਾਣ ਲਿਖਣੇ ਲਾਜ਼ਮੀ ਹਨ। ਯਥਾ ਗੁਰਵਾਕ :—

ਭੈਰਉ ਮਹਲਾ ੫

੧. 'ਨਾਮ ਲੈਤ ਮਨੁ ਪਰਗਟੁ ਭਇਆ। ਨਾਮ ਲੈਤ ਪਾਪੁ ਤਨ ਤੇ ਗਇਆ। ਨਾਮੁ ਲੈਤ ਸਗਲ ਪੁਰਬਾਇਆ। ਨਾਮੁ ਲੈਤ ਅਠ ਸਠਿ ਮਜਨਾਇਆ। ੧। ਤੀਰਥੁ ਹਮਰਾ ਹਰਿ ਕੋ ਨਾਮੁ। ਗੁਰਿ ਉਪਦੇਸਿਆ ਤਤੁ ਗਿਆਨੁ। ੧। ਰਹਾਉ। ਨਾਮੁ ਲੈਤ ਦੁਖੁ ਦੂਰਿ ਪਰਾਨਾ। ਨਾਮੁ ਲੈਤ ਅਤਿ ਮੂੜ ਸੁਗਿਆਨਾ। ਨਾਮੁ ਲੈਤ ਪਰਗਟਿ ਉਜਿਆਰਾ। ਨਾਮੁ ਲੈਤ ਛੁਟੇ ਜੰਜਾਰਾ। ਨਾਮੁ ਲੈਤ ਜਮੁ ਨੇੜਿ ਨ ਆਵੈ। ਨਾਮੁ ਲੈਤ ਦਰਗਹ ਸੁਖੁ ਪਾਵੈ। ਨਾਮੁ ਲੈਤ ਪ੍ਰਭੁ ਕਹੈ ਸਾਬਾਸਿ ... ਨਾਮੁ ਹਮਾਰੀ ਸਾਚੀ ਰਾਸਿ। ੩। ਗੁਰ ਉਪਦੇਸੁ ਕਹਿਓ ਇ... ਸਾਰੁ। ਹਰਿ ਕੀਰਤਿ ਮਨ ਨਾਮੁ ਆਧਾਰੁ। ਨਾਨਕ ਉਧ... ਨਾਮ ਪੁਨਹਚਾਰ। ਅਵਰ ਕਰਮ ਲੋਕਹਿ ਪਤੀਆਰ। ੪।

੨. "ਨਾਮੁ ਹਮਾਰੈ ਅੰਤਰਜਾਮੀ। ਨਾਮੁ ਹਮਾਰੈ ਆ... ਕਾਮੀ। ਰੋਮਿ ਰੋਮਿ ਰਵਿਆ ਹਰਿ ਨਾਮੁ। ਸਤਿਗੁਰ ਪੂਰੈ ਕੀ... ਦਾਨੁ। ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪ... ਅਪਾਰ ॥ ੧ ॥ ਰਹਾਉ ॥ ਨਾਮੁ ਹਮਾਰੈ ਨਿਹਚਲ ਧਨੀ। ਨਾ... ਕੀ ਮਹਿਮਾ ਸਭ ਮਹਿ ਬਨੀ। ਨਾਮੁ ਹਮਾਰੈ ਪੂਰਾ ਸਾਹੁ। ਨਾ... ਹਮਾਰੈ ਵੇਪਰਵਾਹੁ। ੨। ਨਾਮੁ ਹਮਾਰੈ ਭੋਜਨ ਭਾਉ... ਨਾਮੁ ਹਮਾਰੈ ਮਨ ਕਾ ਸੁਆਉ। ਨਾਮੁ ਨ ਵਿਸਰੈ ਸੰਤ ਪ੍ਰਸਾਦਿ... ਨਾਮੁ ਲੈਤ ਅਨਹਦ ਪੂਰੇ ਨਾਦ। ੩। ਪ੍ਰਭ ਕਿਰਪਾ... ਨਾਮੁ ਨਉਨਿਧਿ ਪਾਈ। ਗੁਰ ਕਿਰਪਾ ਤੇ ਨਾਮ ਸਿਉ ਬ... ਆਈ। ਧਨਵੰਤੇ ਸੇਈ ਪਰਧਾਨ। ਨਾਨਕ ਜਾਕੇ ਨਾ... ਨਿਧਾਨ।"

੩. "ਨਾਮੁ ਹਮਾਰੈ ਬੇਦ ਅਰੁ ਨਾਦ। ਨਾਮੁ ਹਮਾਰੈ ਪੂ... ਕਾਜ। ਨਾਮੁ ਹਮਾਰੈ ਪੂਜਾ ਦੇਵ। ਨਾਮੁ ਹਮਾਰੈ ਗੁਰ ਕੀ ਸੇ... । ੧। ਗੁਰਿ ਪੂਰੈ ਦ੍ਰਿੜਿਓ ਹਰਿ ਨਾਮੁ। ਸਭ ਤੇ ਊਤਮੁ ਹ... ਹਰਿ ਕਾਮੁ। ੧। ਰਹਾਉ। ਨਾਮੁ ਹਮਾਰੈ ਮਜਨ ਇਸਨਾਨੁ। ਨਾ... ਹਮਾਰੈ ਪੂਰਨ ਦਾਨੁ। ਨਾਮੁ ਲੈਤ ਤੇ ਸਗਲ ਪਵੀਤ। ਨਾਮੁ ਜਪ... ਮੇਰੇ ਭਾਈ ਮੀਤ। ੨। ਨਾਮੁ ਹਮਾਰੈ ਸਉਣ ਸੰਜੋਗ। ਨਾ... ਹਮਾਰੈ ਤ੍ਰਿਪਤ ਸੁਭੋਗ। ਨਾਮੁ ਹਮਾਰੈ ਸਗਲ ਅਚਾਰ। ਨਾ... ਹਮਾਰੈ ਨਿਰਮਲ ਬਿਉਹਾਰ। ਜਾਕੈ ਮਨਿ ਵਸਿਆ ਪ੍ਰਭ ਏਕੁ... ਸਗਲ ਜਨਾ ਕੀ ਹਰਿ ਹਰਿ ਟੇਕ। ਮਨਿ ਤਨਿ ਨਾਨਕ ਹਰਿ ਗੁ... ਗਾਉ। ਸਾਧ ਸੰਗਿ ਜਿਸੁ ਦੇਵੈ ਨਾਉ।"

੪. "ਸਦਾ ਸਖਾਈ ਹਰਿ ਹਰਿ ਨਾਮੁ। ਜਿਸੁ ਚੀਤਿ... ਆਵੈ ਤਿਸੁ ਸਦਾ ਸੁਖੁ ਹੋਵੈ ਨਿਕਟ ਨ ਆਵੈ ਤਾਕੈ ਜਾਮੁ।"

੫. "ਰੋਗ ਦੋਖ ਗੁਰ ਸਬਦਿ ਨਿਵਾਰੇ। ਨਾਮ ਅਉਖਧ... ਮਨਿ ਭੀਤਰਿ ਸਾਰੇ। ਗੁਰ ਭੇਟਤ ਮਨਿ ਭਇਆ ਅਨੰਦ। ਸਰ... ਨਿਧਾਨ ਨਾਮ ਭਗਵੰਤ।"

੬. "ਸਭ ਤੇ ਊਚਾ ਜਾਕਾ ਨਾਉ। ਸਦਾ ਸਦਾ ਤਾਕੇ... ਗੁਣ ਗਾਉ। ਤਿਸੁ ਸਿਮਰਤ ਸਗਲਾ ਦੁਖੁ ਜਾਇ। ਸਰਬ ਸੂ... ਵਸਹਿ ਮਨ ਆਇ। ਸਿਮਰਿ ਮਨਾ ਤੂ ਸਾਚਾ ਸੋਇ। ਹਲਤਿ... ਪਲਤਿ ਤੁਮਰੀ ਗਤਿ ਹੋਇ।"

੭. "ਜਿਸੁ ਸਿਮਰਤ ਮਨਿ ਹੋਇ ਪਰਗਾਸੁ। ਮਿਟ... ਕਲੇਸ ਸੁਖ ਸਹਜਿ ਨਿਵਾਸੁ। ਤਿਸਹਿ ਪਰਾਪਤ ਜਿਸੁ ਪ੍ਰਭੁ ਦੇਹਿ...



www.AKJ.Org

ਪੂਰੇ ਗੁਰ ਕੀ ਪਾਏ ਸੇਵ । ੧ । ਸਰਬ ਸੁਖਾ ਪ੍ਰਭ ਤੇਰੋ ਨਾਉ । ਆਠ ਪਹਰ ਮੇਰੇ ਮਨ ਗਾਉ । ੧ । ਰਹਾਉ । ਜੋ ਇਛਹਿ ਸੋਈ ਫਲੁ ਪਾਏ । ਹਰਿ ਕਾ ਨਾਮੁ ਮੰਨਿ ਵਸਾਏ । ਆਵਣ ਜਾਣ ਰਹੇ ਹਰਿ ਧਿਆਇ । ਭਗਤਿ ਭਾਇ ਪ੍ਰਭ ਕੀ ਲਿਵ ਲਾਇ । ੨ । ਬਿਨਸੇ ਕਾਮ ਕ੍ਰੋਧ ਅਹੰਕਾਰ । ਤੂਟੇ ਮਾਇਆ ਮੋਹ ਪਿਆਰ । ਪ੍ਰਭ ਕੀ ਟੇਕ ਰਹੇ ਦਿਨੁ ਰਾਤਿ । ਪਾਰਬ੍ਰਹਮ ਕਰੇ ਜਿਸੁ ਦਾਤਿ । ੩ । ਕਰਨ ਕਰਾਵਨਹਾਰ ਸੁਆਮੀ । ਸਗਲ ਘਟਾ ਕੇ ਅੰਤਰਜਾਮੀ । ਕਰਿ ਕਿਰਪਾ ਅਪਨੀ ਸੇਵ ਲਾਇ । ਨਾਨਕ ਦਾਸ ਤੇਰੀ ਸਰਣਾਇ ।"

੮. "ਆਠ ਪਹਰ ਹਰਿ ਹਰਿ ਜਪੁ ਜਾਪਿ । ਰਾਖਨਹਾਰ ਗੋਬਿੰਦ ਗੁਰ ਆਪਿ । ਅਪਨੇ ਸੇਵਕ ਕਉ ਸਦਾ ਪ੍ਰਤਿ ਪਾਰੈ । ਭਗਤ ਜਨਾ ਕੇ ਸਾਸ ਨਿਹਾਰੈ । ਮਾਨਸ ਕੀ ਕਹੁ ਕੇਤਕ ਬਾਤ । ਜਮ ਤੇ ਰਾਖੈ ਦੇ ਕਰਿ ਹਾਥ । ੩ । ਨਿਰਮਲ ਸੋਭਾ ਨਿਰਮਲ ਰੀਤਿ । ਪਾਰਬ੍ਰਹਮ ਆਇਆ ਮਨੁ ਚੀਤਿ । ਕਰਿ ਕਿਰਪਾ ਗੁਰਿ ਦੀਨੋ ਦਾਨੁ । ਨਾਨਕ ਪਾਇਆ ਨਾਮ ਨਿਧਾਨ ।"

੯. "ਨਾਮੁ ਲੈਤ ਕਿਛੁ ਬਿਘਨ ਨ ਲਾਗੈ । ਨਾਮ ਸੁਣਤ ਜਮੁ ਦੂਰਹੁ ਭਾਗੈ । ਨਾਮੁ ਲੈਤ ਸਭ ਦੂਖਹ ਨਾਸੁ । ਨਾਮੁ ਜਪਤ ਹਰਿ ਚਰਣ ਨਿਵਾਸੁ । ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ । ਰਸਕਿ ਰਸਕਿ ਹਰਿ ਕੇ ਗੁਣ ਗਾਉ । ੧ । ਹਰਿ ਸਿਮਰਤ ਕਿਛੁ ਚਾਖੁ ਨ ਜੋਹੈ । ਹਰਿ ਸਿਮਰਤ ਦੈਤ ਦੇਉ ਨ ਪੋਹੈ । ਹਰਿ ਸਿਮਰਤ ਮੋਹੁ ਮਾਨੁ ਨ ਬਧੈ । ਹਰਿ ਸਿਮਰਤ ਗਰਭ ਜੋਨਿ ਨ ਰੁਧੈ । ੨ । ਹਰਿ ਸਿਮਰਨ ਕੀ ਸਗਲੀ ਬੇਲਾ । ਹਰਿ ਸਿਮਰਨੁ ਬਹੁ ਮਾਹਿ ਇਕੇਲਾ ।......

੧੦. ਚੀਤਿ ਆਵੈ ਤਾ ਮਹਾ ਅਨੰਦ ।। ਚੀਤਿ ਆਵੈ ਤਾ ਸਭ ਦੁਖ ਭੰਜ । ਚੀਤਿ ਆਵੈ ਤਾ ਸਰਧਾ ਪੂਰੀ । ਚੀਤਿ ਆਵੈ ਤ ਕਬਹਿ ਨ ਝੂਰੀ । ੧ । ਅੰਤਰਿ ਰਾਮ ਰਾਇ ਪ੍ਰਗਟੇ ਆਇ । ਗੁਰਿ ਪੂਰੈ ਦੀਓ ਰੰਗਿ ਲਾਇ । ੧ । ਰਹਾਉ । ਚੀਤਿ ਆਵੈ ਤ ਸਰਬ ਕੋ ਰਾਜਾ । ਚੀਤਿ ਆਵੈ ਤਾ ਪੂਰੇ ਕਾਜਾ । ਚੀਤਿ ਆਵੈ ਤਾ ਰੰਗਿ ਗੁਲਾਲ । ਚੀਤਿ ਆਵੈ ਤਾ ਸਦਾ ਨਿਹਾਲ । ੨ । ਚੀਤਿ ਆਵੈ ਤਾ ਸਦ ਧਨਵੰਤਾ । ਚੀਤਿ ਆਵੈ ਤਾ ਸਦ ਨਿਭਰੰਤਾ । ਚੀਤਿ ਆਵੈ ਤਾ ਸਭਿ ਰੰਗ ਮਾਣੇ । ਚੀਤਿ ਆਵੈ ਤਾ ਚੂਕੀ ਕਾਣੇ । ਚੀਤਿ ਆਵੈ ਤਾ ਸਹਿਜ ਘਰੁ ਪਾਇਆ । ਚੀਤਿ ਆਵੈ ਤ ਸੁੰਨ ਸਮਾਇਆ । ਚੀਤਿ ਆਵੈ ਸਦ ਕੀਰਤਨੁ ਕਰਤਾ । ਮਨੁ ਮਾਨਿਆ ਨਾਨਕ ਭਗਵੰਤਾ । ੪ ।

ਉਪਰ ਲਿਖੇ ਗੁਰ ਪ੍ਰਮਾਣਾਂ ਤੋਂ ਭਲੀ ਭਾਂਤਿ ਇਹ ਗਲ ਸਿਧ ਹੋ ਗਈ ਕਿ ਨਾਮ ਜਪਣ ਦੀ ਪਾਰਸ ਕਮਾਈ ਦੁਆਰਾ ਬਹੁ ਭਾਂਤੀ ਫਲ ਸੁਤੇ ਸਹਿਜ ਹੀ ਪ੍ਰਾਪਤ ਹੋ ਜਾਂਦੇ ਹਨ । ਤਾਂ ਤੇ ਇਹਨਾਂ ਗੁਰ ਪ੍ਰਮਾਣਾਂ ਤੋਂ ਨਾਮ ਦੀ ਪਾਰਸ ਕਲਾ ਦ੍ਰਿੜ ਦਾ ਨਿਸਚਾ ਜੇ ਅਜੇ ਭੀ ਗੁਰਸਿਖਾਂ ਨੂੰ ਨਾ ਆਵੇ ਤਾਂ ਇਸਦਾ ਏਹੀ ਭਾਵ ਕੱਢਣਾ ਪਵੇਗਾ ਕਿ ਅਜੇਹ ਗੁਰਸਿਖਾਂ ਨੂੰ ਗੁਰਬਾਣੀ ਨੂੰ ਸਤਿ ਸਤਿ ਕਰ ਮੰਨਣ ਵਾਲੀ ਸ਼ਰਧਾ ਭਾਵਨੀ ਨਹੀਂ ਉਪਜੀ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :—

'ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰ ਸਿਖਹੁ ਹਰ ਕਰਤਾ ਆਪਿ ਮੁਹਹੁ ਕਢਾਏ ॥'

ਜੋ ਗੁਰੂ ਕੇ ਸ਼ਰਧਾਲੂ ਸਿਖ ਹਨ ਤਿਨ੍ਹਾਂ ਨੂੰ ਗਰਬਾਣੀ ਸਤਿ ਸਤਿ ਕਰਿ ਮੰਨਣ ਦੀ ਲਾਜ ਹੈ । ਓਹ ਸਰਧਾ ਭਾਵਨੀ ਕਰਿ ਨਾਮ ਜਪਣ ਵਿਚ ਜੁਟ ਜਾਂਦੇ ਹਨ, ਪਰ ਜਿਨ੍ਹਾਂ ਨੂੰ ਏਹ ਸਰਧਾ ਭਾਵਨੀ ਨਹੀਂ ਸੋ ਨਾਮ ਨਹੀਂ ਜਪਦੇ ਅਤੇ ਤਿਨ੍ਹਾਂ ਨੂੰ ਗੁਰਬਾਣੀ ਨੂੰ ਸਤਿ ਸਤਿ ਕਰ ਨਾਂ ਮੰਨਣ ਲਾਜ ਨਹੀਂ ਆਉਂਦੀ । ਅਜੇਹੇ ਲਾਜ ਲੈਣ ਵਾਲੇ ਪੁਰਸ਼ਾਂ ਪ੍ਰਤੀ ਗੁਰੂ ਸਾਹਿਬ ਦਾ ਇਹ ਵਾਕ ਹੈ:—

'ਲਾਜ ਮਰੈ ਜੋ ਨਾਮੁ ਨ ਲੇਵੈ । ਨਾਮ ਬਿਹੂਣ ਸੁਖੀ ਕਿਉ ਸੋਵੈ । ਹਰਿ ਸਿਮਰਨ ਛਾਡਿ ਪਰਮ ਗਤਿ ਚਾਹੈ । ਮੂਲ ਬਿਨਾ ਸਾਖਾ ਕਤ ਆਹੈ । ੧ । ਗੁਰੁ ਗੋਵਿੰਦ ਮੇਰੇ ਮਨ ਧਿਆਇ । ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ ।'

ਇਸ ਵਾਕ ਤੋਂ ਅਤੇ ਪਹਿਲੇ ਵਾਕਾਂ ਤੋਂ ਸਭ ਤੋਂ ਵਡੀ ਗਲ ਏਹ ਸਿਧਾਂਤ ਨਿਕਲਦਾ ਹੈ ਕਿ ਨਾਮ ਦੀ ਪਾਰਸ ਕਲਾ ਦੀ ਬਰਕਤ ਨਾਲ ਜਨਮ ਜਨਮ ਦੇ ਰੋਗ ਕਟੇ ਜਾਂਦੇ ਹਨ ਅਤੇ ਜਨਮ ਜਨਮਾਤ੍ਰਾਂ ਦੇ ਕਮਾਤੇ ਪਾਪ ਧੋਤੇ ਜਾਂਦੇ ਹਨ । ਏਹ ਸਭ ਪਰਤਾਪ ਨਾਮ ਰੂਪੀ ਪਾਰਸ ਬੂਟੀ ਦਾ ਹੈ ਅਤੇ ਏਹ ਪਾਰਸ ਬੂਟੀ ਸਤਿਗੁਰ ਨਾਨਕ ਦੇਵ ਜੀ ਸਚੇ ਵੈਦ ਗੁਰੂ ਨੇ ਇਸ ਰੋਗੀ ਸੰਸਾਰ ਲਈ ਨਿਰੰਕਾਰ ਦੇ ਧੁਰ ਧਾਮੋਂ ਲਿਆਂਦੀ । ਤਾਂ ਤੇ ਗੁਰੂ ਨਾਨਕ ਨਿਰੰਕਾਰੀ ਸਚਾ ਵੈਦ ਧੰਨ ਹੈ । ਧੰਨ ਬਾਬਾ ਨਾਨਕ ਨਿਰੰਕਾਰੀ ਤੇ ਰੋਗੀ ਸੰਸਾਰੀਆਂ ਦੇ ਸਚ ਵੈਦ ਤੂੰ ਧੰਨ ਹੈਂ । ਤੇਰੇ ਬਾਝਹੁ ਰੋਗੀ ਸੰਸਾਰ ਦੇ


www.AKJ.Org

ਰੋਗ ਜਨਮ ਜਨਮਾਤ੍ਰਾਂ ਦੇ ਰੋਗ ਕੌਣ ਕਟੇ ਤੇ ਗੁਰ ਨਾਨਕ ਸਚੇ ਵੈਦ ਧੰਨ ਤੇਰੀ ਨਾਮ ਅਉਖਧੀ ਜੋ ਤੈਂ ਸੰਸਾਰੀਆਂ ਦੇ ਰੋਗ ਕਟਣ ਲਈ ਧੁਰ ਨਿਰੰਕਾਰ ਦੀ ਦਰਗਾਹੋਂ ਲਿਆਂਦੀ । ਇਸ ਬਿਹੂਣ ਸਾਰਾ ਸੰਸਾਰ ਸਚ ਮੁਚ ਰੋਗੀ ਸੀ, ਸੰਸਾਰ ਦੇ ਇਸ ਰੋਗ ਨੂੰ ਅਤੇ ਰੋਗੀਆਂ ਨੂੰ ਕੇਵਲ ਗੁਰੂ ਨਾਨਕ ਨਿਰੰਕਾਰੀ ਸਚੇ ਵੈਦ ਨੇ ਹੀ ਦੇਖਿਆ ਪ੍ਰਖਿਆ ਅਤੇ ਅਤੀ ਕਰਨਾ ਕਰਿ ਰੋਗ ਗ੍ਰਸਤ ਸੰਸਾਰੀ ਜੀਵਾਂ ਉਤੇ ਤਰਸ ਖਾਧਾ, ਅਤੇ ਜਿਸ ਜਿਸ ਵਡਿਭਾਗੀ ਜੰਤ ਨੇ ਸਚ ਵੈਦ ਗੁਰ ਨਾਨਕ ਨਿਰੰਕਾਰੀ ਦੀ ਸਚੀ ਅਉਖਧੀ ਨੂੰ ਗੁਰ ਸੰਜਮੀ ਹਦਾਇਤ ਹੁਕਮ ਅੰਦਰਿ ਖਾਧਾ ਸੋ ਨਿਰਦੋਖ ਹੋ ਗਏ । ਤਿਨਾਂ ਨੂੰ ਬਾਹਿ ਪਕੜਿ ਰੋਗ ਰੂਪੀ ਨਰਕ ਕੁੰਡ ਤੋਂ ਬਾਹਰ ਕਢਿ ਲਿਆ ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ । ਯਥਾ ਗੁਰਵਾਕ —

'ਨਾਨਕ ਹਉਮੈ ਰੋਗ ਬੁਰੇ । ਜਹ ਦੇਖਾ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ । ੧ ਰਹਾਉ ... ... । ਪਉਣ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ । ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ । ੩ । ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ । ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ । ੪ । ਰੋਗੀ ਸਾਤ ਸਮੁੰਦ ਸੁ ਨਦੀਆ ਖੰਡ ਪਤਾਲ ਸਿ ਰੋਗਿ ਭਰੇ । ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਾਚੀ ਬਾਈ ਨਦਰਿ ਕਰੇ । ੫ । ਰੋਗੀ ਖਟ ਦਰਸਨ ਭੇਖ ਧਾਰੀ ਨਾਨਾ ਹਠੀ ਅਨੇਕਾ । ਬੇਦ ਕਤੇਬ ਕਰਹਿ ਕਹ ਬਪੁਰੇ ਨਹਿ ਬੂਝਹਿ ਇਕ ਏਕਾ । ੬ । ਮਿਠ ਰਸ ਖਾਇ ਸੁ ਰੋਗ ਭਰੀਜੈ ਕੰਦ ਮੂਲਿ ਸੁਖੁ ਨਾਹੀ । ਨਾਮੁ ਵਿਸਾਰਿ ਚਲਹਿ ਅਨਮਾਰਗਿ ਅੰਤ ਕਾਲਿ ਪਛੁਤਾਹੀ । ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ। ਦੁਬਿਧਾ ਰੋਗ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜ ਭਇਆ । ੮ । ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚੈ ਤਿਸੁ ਰੋਗ ਗਇਆ । ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ।'

'ਪਾਰਬ੍ਰਹਮਿ ਜਿਸੁ ਕੀਨੀ ਦਇਆ । ਬਾਹ ਪਕੜ ਰੋਗਹੁ ਕਢਿ ਲਇਆ । ਤੂਟੇ ਬੰਧਨ ਸਾਧ ਸੰਗੁ ਪਾਇਆ । ਕਹੁ ਨਾਨਕ ਗੁਰਿ ਰੋਗਿ ਮਿਟਾਇਆ ।' 'ਅਉਖਧੁ ਨਾਮ ਨਿਰਮਲ ਜਲੁ ਅੰਮ੍ਰਿਤ ਪਾਇਆ ਗੁਰੂ ਦੁਆਰੀ । ਕਹੁ ਨਾਨਕ ਜਿਸੁ ਮਸਤਕ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ।'

ਸ਼ਰਧਾ ਭਾਵਨੀ ਨਾਲ ਉਸ ਅਰਸ਼ੀ ਵੈਦ ਗੁਰੂ ਬਾਬੇ ਦਾ ਅਵਤਾਰ ਗੁਰਪੁਰਬ ਮਨਾਵਣਾ ਕਲਿਆਣਕਾਰੀ ਹੈ । ਜਿਸ ਪ੍ਰਥਾਇ ਸੋਰਠ ਰਾਗ ਵਿਚ ਗੁਰਵਾਕ ਹੈ—

'ਮੇਰਾ ਬੈਦੁ ਗੁਰੂ ਗੋਵਿੰਦਾ'

ਤੇ ਜਿਸ ਨੇ ਹੇਠਲੇ ਗੁਰਵਾਕ ਅਨੁਸਾਰ ਸੰਸਾਰ ਰੋਗੀ ਨੂੰ ਨਾਮ ਦੀ ਅਉਖਧੀ ਦੇ ਕੇ ਮੁਕਤ ਕੀਤਾ ।

ਯਥਾ—'ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਦਾ ।'

———


**'ਕਲਗੀਧਰ-ਅੰਕ'** 'ਸੂਰਾ' ਦੇ ਸੁਹਿਰਦ ਪਾਠਕਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ 'ਸੂਰਾ' ਦੇ ਪ੍ਰਬੰਧਕ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿਤਰ ਜਨਮ-ਉਤਸ਼ਵ ਤੇ ਇਕ ਵਿਸ਼ੇਸ਼ **'ਕਲਗੀਧਰ-ਅੰਕ'** ਪ੍ਰਕਾਸ਼ਤ ਕਰਨ ਦਾ ਉਪਰਾਲਾ ਕਰ ਰਹੇ ਹਨ, ਇਸ ਲਈ ਲੇਖਕਾਂ ਪ੍ਰਤੀ ਜ਼ਰੂਰੀ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਆਪਣੀਆਂ ਰਚਨਾਵਾਂ ਸ਼ੀਘਰ ਹੀ ਭੇਜਣ ਦੀ ਕ੍ਰਿਪਾਲਤਾ ਕਰਨ ।

ਦਾਸ—ਮੈਨੇਜਰ, 'ਸੂਰਾ', ਰਾਘੋਮਾਜਰਾ,
ਪਟਿਆਲਾ ।





www.AKJ.Org

# ਜਨ ਪਰਉਪਕਾਰੀ ਆਏ

(ਭਾਈ ਮਨਮੋਹਨ ਸਿੰਘ ਜੀ M.sc. ਪਟਨਾ)

ਸ੍ਰੀ ਗੁਰੂ ਨਾਨਕ ਦੇਵ ਜੀ ਅਜ ਤੋਂ ਲਗ ਭਗ ੪੯੯ ਸਾਲ ਪਹਿਲੇ ਸਰੀਰਕ ਜਾਮਾ ਧਾਰਕੇ ਇਸ ਸ੍ਰਿਸ਼ਟੀ ਤੇ ਪ੍ਰਕਾਸ਼ਮਾਨ ਹੋਏ ਜਾਂ ਪ੍ਰਗਟੇ। ਅਸੀਂ ਆਮ ਤੌਰ ਤੇ ਉਨ੍ਹਾਂ ਦੇ ਪ੍ਰਕਾਸ਼ ਹੋਣ ਨੂੰ "ਜਨਮ" ਲੈਣਾ ਕਹਿ ਦੇਂਦੇ ਹਾਂ ਤੇ ਇਸੇ ਤਰਾਂ ਉਨ੍ਹਾਂ ਦੇ 'ਜਨਮ ਦਿਨ' ਜਾਂ 'ਜਯੰਤੀ' ਮਨਾਉਣਾ—ਇਹ ਅਖਰ ਵਰਤ ਲੈਂਦੇ ਹਾਂ। ਜ਼ਰਾ ਗਹੁ ਨਾਲ ਵਿਚਾਰਨ ਤੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਅਥਵਾ ਉਨ੍ਹਾਂ ਦੇ ਸਵਰੂਪ ਬਾਕੀ ਗੁਰੂ ਜਯੋਤੀਆਂ ਨੇ "ਜਨਮ" ਨਹੀਂ ਲਿਆ ਬਲਕਿ ਉਨਾਂ ਦਾ ਪ੍ਰਕਾਸ਼ ਹੋਇਆ। ਜਨਮ ਉਹ ਲੈਂਦੇ ਹਨ ਜੋ ਕਰਮਬੱਧ ਹੋਣ ਕਰਕੇ ਜਨਮ-ਮਰਨ ਦੇ ਗੇੜ ਵਿਚ ਫ਼ਸੇ ਹੋਣ ਤੇ ਜਿਨਾਂ ਨੂੰ ਕੀਤੇ ਕਰਮਾਂ ਦਾ ਸਦਕਾ ਮਨੁਖਾ ਦੇਹੀ ਵਿਚ ਜਨਮ ਲੈਣ ਦਾ ਅਵਸਰ ਮਿਲਦਾ ਹੈ, ਗੁਰੂ ਸਾਹਿਬਾਨ ਤਾਂ ਪ੍ਰਭੂ ਦਾ ਰੂਪ ਹਨ—

"ਆਪ ਨਾਰਾਇਣ ਕਲਾਧਾਰ ਜਗ ਮਹਿ ਪਰਵਰਿਉ ॥"

ਪੁਨਾ—"ਗੁਰੁ ਪਰਮੇਸਰੁ ਏਕੋ ਜਾਣੁ ॥"

ਪੁਨਾ—"ਪਾਰਬ੍ਰਹਮ ਪੂਰਨ ਗੁਰਦੇਵ ॥"

ਪੁਨਾ—"ਗੁਰ ਨਾਨਕੁ, ਨਾਨਕੁ ਹਰਿ ਸੋਇ ॥"

ਜਿਵੇਂ ਪਾਰਬ੍ਰਹਮ ਜਨਮ-ਮਰਨ ਤੋਂ ਰਹਿਤ ਹੈ ਓਵੇਂ ਹੀ ਉਸ ਦੀ ਜੋਤ ਤੇ ਸਰੂਪ ਸਤਿਗੁਰੂ ਨਾਨਕ ਜੀ ਵੀ ਜਨਮ ਮਰਨ ਤੋਂ ਰਹਿਤ ਹਨ। ਜੇ ਅਕਾਲ ਪੁਰਖ ਪਾਰਬ੍ਰਹਮ ਪ੍ਰਮੇਸ਼ਰ ਹੈ ਤਾਂ ਗੁਰੂ ਨਾਨਕ ਪਰਮੇਸ਼ਰ ਹੈ। ਇਸੇ ਲਈ ਉਨ੍ਹਾਂ ਸਬੰਧੀ ਗੁਰਬਾਣੀ ਸਪਸ਼ਟ ਦਸਦੀ ਹੈ—

"ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰਉਪਕਾਰੀ ਆਏ ॥
ਜੀਅ ਦਾਨ ਦੇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਇ ॥"

ਗੁਰੂ ਵਯਕਤੀਆਂ ਜਨਮ-ਮਰਨ ਦੇ ਗੇੜ ਵਿਚ ਨਹੀਂ ਹਨ। ਉਹ ਤਾਂ ਅਕਾਲ ਦੇ ਹੁਕਮ ਵਿਚ ਉਨਾਂ ਦੀ ਜੋਤ ਤੋਂ ਹੀ ਵਖਰਾ ਰੂਪ ਧਾਰਕੇ ਸ੍ਰਿਸ਼ਟੀ ਨੂੰ ਉਧਾਰਨ ਦਾ ਪਰਉਪਕਾਰੀ ਮਹਾਨ ਕਾਰਜ ਕਰਨ ਲਈ ਆਏ ਹਨ। ਨਾ ਉਹ ਜਨਮੇ ਸਨ ਨਾ ਮਰੇ। ਉਹ ਤਾਂ ਪ੍ਰਕਾਸ਼ਮਾਨ ਹੋਏ ਸਨ ਤੇ ਹੁਣ ਭਾਵੇਂ ਸਾਡੇ ਬਾਹਰ ਮੁਖੀ ਤ੍ਰੈਗੁਣੀ ਅਖੀਆਂ ਤੋਂ ਉਹਲੇ ਹੋ ਗਏ ਹਨ ਪਰ ਉਂਞ ਉਨਾਂ ਦੀ ਹਸਤੀ ਉਸੇ ਤਰਾਂ ਕਾਇਮ ਦਾਇਮ ਹੈ। ਇਸੇ ਲਈ ਵਡਭਾਗੀ ਜੀਵਾਂ ਨੂੰ ਹੁਣ ਵੀ ਜ਼ਾਹਰਾ ਜ਼ਹੂਰ ਪ੍ਰਕਾਸ਼ਮਾਨ ਹੋ ਕੇ ਦਰਸ਼ਨ ਦੇ ਕੇ ਨਿਵਾਜਦੇ ਹਨ। ਇਸ ਤਰ੍ਹਾਂ ਉਹ ਹੁਣ ਵੀ ਪਰਉਪਕਾਰੀ ਕਾਰਜ ਕਰ ਰਹੇ ਹਨ। 'ਜਯੰਤੀਆਂ' ਜਾਂ 'ਜਨਮ ਦਿਨ' ਉਹਨਾਂ ਦੇ ਮਨਾਏ ਜਾਂਦੇ ਹਨ ਜੋ ਆਵਾਗਉਣ ਦੇ ਚੱਕਰ ਵਿਚ ਫਸੇ ਮਨੁਖਾ ਜਨਮ ਲੈ ਕੇ ਚੰਗ ਕੰਮ ਕਰਕੇ ਪ੍ਰਸਿਧਤਾ ਪ੍ਰਾਪਤ ਕਰਦੇ ਹਨ ਜਿਹਾ ਕਿ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਇਤਿ ਆਦਿ। ਜੋ ਹਸਤੀ ਇਲਾਹੀ ਜੋਤ ਹੈ ਤੇ ਇਲਾਹੀ ਮਿਸ਼ਨ ਦੀ ਪੂਰਤੀ ਲਈ 'ਪਰਉਪਕਾਰੀ' ਕਾਰਜ ਨੂੰ ਸਰੰਜਾਮ ਦੇਣ ਲਈ ਗੁਪਤੋਂ ਪ੍ਰਗਟ ਹੋਕੇ ਸੰਸਾਰ ਵਿਚਰਦੀ ਹੈ ਉਹਨਾਂ ਦੇ ਪ੍ਰਕਾਸ਼ ਦਿਵਸ ਮਨਾਏ ਜਾਂਦੇ ਹਨ, ਜਨਮ ਦਿਨ ਨਹੀਂ। ਨਾਲ ਹੀ ਜੰਮਦੇ ਤਾਂ ਉਹ ਹਨ ਜੋ ਅੰਤ ਮਰਦੇ ਵੀ ਹੋਣ। ਹਰ



www.AKJ.Org

ਜਨਮ ਲੈਣ ਵਾਲੇ ਲਈ ਮਰਨਾ ਅਵਸ਼ਯ ਹੈ, ਪਰ ਗੁਰੂ ਸਾਹਿਬ ਸਬੰਧੀ ਤਾਂ ਫੁਰਮਾਨ ਹੈ—

"ਸਤਿਗੁਰ ਮੇਰਾ ਸਦਾ ਸਦਾ
ਨਾ ਆਵੈ ਨ ਜਾਏ।।
ਉਹ ਅਬਿਨਾਸੀ ਪੁਰਖ ਹੈ,
ਸਭ ਮਹਿ ਰਹਿਆ ਸਮਾਇ ॥'

ਪੁਨਾ:—

"ਭੂਲੀ ਮਾਲਨੀ ਹੈ ਏਉ ।। ਸਤਿਗੁਰੁ ਜਾਗਤਾ ਹੈ ਦੇਉ ।।"

ਅਤੇ ਨਾਲ ਹੀ, ਜਿਹਾ ਕਿ ਅਗੇ ਦਸਿਆ ਜਾ ਚੁਕਾ ਹੈ ਕਿ ਗੁਰੂ ਜਯੋਤੀਆਂ 'ਜਨਮ ਮਰਨ ਦੁਹੂੰ ਮਹਿ ਨਾਹੀ' ਹਨ ਤੇ ਉਹ ਤਾਂ 'ਜਨ ਪਰਉਪਕਾਰੀ ਆਏ' ਹਨ।

ਦਸਮ ਪਾਤਸ਼ਾਹ ਜੀ ਨੇ ਤਾਂ 'ਬਚਿਤ੍ਰ ਨਾਟਕ' ਵਿਚ ਆਪਣੇ ਪ੍ਰਕਾਸ਼ ਸੰਬੰਧੀ ਇਸ ਨੁਕਤੇ ਨੂੰ ਬਿਲਕੁਲ ਸਪਸ਼ਟ ਕਰ ਦਿਤਾ ਹੈ। ਆਪਣੇ ਪਰਗਟ ਹੋਣ ਸਬੰਧੀ ਫੁਰਮਾਉਂਦੇ ਹਨ ਕਿ ਆਪਣੀ ਕਰੜੀ ਪ੍ਰੇਮਾ ਭਗਤੀ ਤਪਸਿਆ ਨਾਲ ਅਕਾਲ ਪੁਰੱਖ ਦੀ ਮੇਹਰਾਂ ਦੇ ਸਦਕਾ, ਅਕਾਲ ਪੁਰਖ ਨਾਲ ਇਕ ਮਿਕਿ ਹੋ ਚੁਕੇ ਸਨ। 'ਦ੍ਵੈ ਤੇ ਏਕ ਰੂਪ" ਹੋ ਗਏ ਸਨ ਤੇ ਹਨ। ਪਰ ਅਕਾਲ ਪਿਤਾ ਨੇ ਖਾਸ ਤੌਰ ਤੇ ਹੁਕਮ ਕੀਤਾ ਕਿ ਉਹ ਕਲਿਜੁਗ ਦੇ ਸਮੇਂ ਇਸ ਸ੍ਰਿਸ਼ਟੀ ਤੇ ਪ੍ਰਗਟ ਹੋ ਕੇ ਅਕਾਲੀ ਹੁਕਮ ਅਨੁਸਾਰ ਸਾਜੇ ਨਾਨਕ ਨਿਰੰਕਾਰੀ ਨਿਰਮਲ ਪੰਥ ਨੂੰ ਪ੍ਰਚਾਰਨ ਜਾਂ ਪ੍ਰਚੁਰ ਕਰਨ। ਦਸਮ ਪਿਤਾ ਜੀ ਪੰਥ ਦੇ ਸਾਜਨ ਹਾਰੇ ਨਹੀਂ। ਪੰਥ ਦੀ ਸਾਜਨਾ ਤਾਂ ਉਨ੍ਹਾਂ ਦੇ ਪਹਿਲੇ ਸਰੂਪ,ਗੁਰੂ ਨਾਨਕ ਜੀ, ਨੇ ਹੀ ਕਰ ਦਿਤੀ ਸੀ। ਦਸਮੇ ਨਾਨਕ 'ਦਸਮੇਸ਼ ਜੀ ਨੂੰ ਉਸੇ ਪੰਥ ਦੇ ਪ੍ਰਚੁਰ ਕਰਨ ਦਾ ਹੁਕਮ ਹੋਇਆ ਇਸੇ ਮਿਸ਼ਨ ਦੀ ਪੂਰਤੀ ਲਈ ਉਨਾਂ ਦੇ ਮੁਖ ਵਾਕ ਅਨੁਸਾਰ—

ਤਹੀ 'ਪ੍ਰਕਾਸ਼' ਹਮਾਰਾ ਭਯੋ ।।
ਪਟਨਾ ਸ਼ਹਰ ਬਿਖੇ ਭਵ ਲਯੋ ।।

ਹੁਣ ਇਹ ਵੀਚਾਰ ਕਰਨੀ ਹੈ ਕਿ ਨਿਰੰਕਾਰੀ ਜੋਤ ਦਾ ਇਹ ਪ੍ਰਕਾਸ਼ ਕਿਸ ਮੰਤਵ ਲਈ ਹੋਇਆ ਇਹ ਵੀ ਅਗੇ ਲਿਖੀ ਜਾ ਚੁਕੀ ਗੁਰਵਾਕ ਦੁਤੁਕੀ ਤੋਂ ਹੀ ਪ੍ਰਗਟ ਹੋ ਜਾਂਦਾ ਹੈ ਕਿ 'ਜਨ ਪਰਉਪਕਾਰੀ ਆਏ।' ਗੁਰੂ ਨਾਨਕ ਜੀ ਸ੍ਰਿਸ਼ਟੀ ਤੇ ਪਰਉਪਕਾਰ ਕਰਨ ਲਈ ਪ੍ਰਗਟੇ। ਕਿਸ ਪਰਉਪਕਾਰ ਲਈ ? ਕੀ ਹਿੰਦੀਆਂ ਨੂੰ ਰਾਜਸੀ ਗੁਲਾਮੀ ਵਿਚੋਂ ਕਢਣ ਲਈ ? ਕੀ ਕੁਚਲੀ ਜਾ ਰਹੀ ਮਨੁਖ ਜਾਤੀ ਨੂੰ ਉਭਾਰਨ ਲਈ ? ਕੀ ਮਨੁਖਤਾ ਨੂੰ ਪਖੰਡੀ, ਭੇਖੀ ਤੇ ਚਾਲਬਾਜ਼ ਮਜ਼ੂਬੀ ਆਗੂਆਂ ਦੇ ਪੰਜੇ ਵਿਚੋਂ ਛੁਡਾਉਣ ਲਈਂ ? ਨਹੀਂ ਜੇ ਇਹੋ ਮਿਸ਼ਨ ਹੁੰਦਾ ਤਾਂ ਗੁਰੂ ਨਾਨਕ ਜਗਤ ਗੁਰੂ ਕਿਵੇਂ ਕਹਾਉਂਦੇ ? ਇਸ ਤਰਾਂ ਤਾਂ ਮਨੁਖ ਜਾਤੀ ਦੀ ਇਕ ਸ਼੍ਰੇਣੀ ਤੇ ਹੀ ਉਪਕਾਰ ਹੋ ਸਕਣਾ ਸੀ। ਗੁਰ ਨਾਨਕ ਤਾਂ ਸਾਰੀ ਸ੍ਰਿਸ਼ਟੀ ਦੇ ਉਧਾਰ ਲਈ ਆਇਆ ਹੈ: 'ਕਲ ਤਾਰਨ ਗੁਰ ਨਾਨਕ ਆਇਆ ।।' ਉਨਾਂ ਦੀ ਦ੍ਰਿਸ਼ਟੀ ਵਿਚ ਜ਼ਾਲਮ ਤੇ ਮਜ਼ਲੂਮ, ਅਤਿਆਚਾਰੀ ਤੇ ਅਤਿਆਚਾਰ ਦੇ ਸ਼ਿਕਾਰ, ਹਾਕਮ ਤੇ ਮਹਿਕੂਮ, ਕੁਰਾਹੇ ਪਾਣ ਵਾਲੇ ਆਗੂ ਤੇ ਉਨਾਂ ਦੇ ਪਿਛਲਗ, ਸਭ ਹੀ ਉਧਾਰ ਯੋਗ ਤੇ ਪਰ ਉਪਕਾਰੀ ਕਾਰਜ ਦੇ ਅਧਿਕਾਰੀ ਹਨ। ਇਹ ਨਹੀਂ ਹੋ ਸਕਦਾ ਕਿ ਇਕ ਸ਼੍ਰੇਣੀ ਦਾ ਉਧਾਰ ਤੇ ਦੂਜੀ ਦਾ ਸੰਘਾਰ ਕੀਤਾ ਜਾਵੇ। ਗੁਰੂ ਨਾਨਕ ਮਿਸ਼ਨ ਸਾਰੀ ਸ੍ਰਿਸ਼ਟੀ ਦਾ ਉਧਾਰ ਕਰਨਾ ਹੈ, ਅਸਲ ਵਿਚ ਗੁਰੂ ਨਾਨਕ ਜੀ ਤੋਂ ਪ੍ਰਥਮ ਜੋ ਅਵਤਾਰ ਆਦਿ ਹੋਏ ਹਨ, ਉਨਾਂ ਵਿਚ ਤੇ ਗੁਰੂ ਨਾਨਕ ਵਿਚ ਇਹ ਵਡਾ ਫ਼ਰਕ ਹੈ ਕਿ ਜਿਥੇ ਪਹਿਲੇ ਹੋਏ ਅਵਤਾਰ ਆਪਣੇ ਭਗਤਾਂ ਦੀ ਜਾਂ ਮਜ਼ਲੂਮਾਂ ਦੀ ਰਖਿਆ ਕਰਦੇ ਸਨ, ਉਥੇ ਗੁਰੂ ਨਾਨਕ ਪਾਪੀਆਂ, ਜ਼ਾਲਮਾਂ ਤੇ ਅਤਿਆਚਾਰੀਆਂ ਨੂੰ ਵੀ ਉਸੇ ਮੇਹਰ ਭਰੀ ਦ੍ਰਿਸ਼ਟੀ ਨਾਲ ਤਕਦੇ ਸਨ ਤੇ ਉਨਾਂ ਤੇ ਵੀ ਉਪਕਾਰ ਕਰਨਾ ਜ਼ਰੂਰੀ ਸਮਝਦੇ ਸਨ। ਭਾਈ ਗੁਰਦਾਸ ਜੀ ਲਿਖਦੇ ਹਨ—

ਭਗਤ ਵਛਲ ਹੋਇ ਆਇਆ,
ਪਤਿਤ ਉਧਾਰਣ ਅਜਬੁ ਅਜਾਬਾ।
ਜ਼ਾਹਰ ਪੀਰ ਜਗਤੁ ਗੁਰ ਬਾਬਾ।
... ... ... ...

(ਵਾਰ ੨੪, ਪਉੜੀ ੪)


www.AKJ.Org

ਅਗੇ ਭਗਤਾਂ ਦੀ ਲਾਜ ਹੀ ਰਖੀ ਜਾਂਦੀ ਸੀ। ਗੁਰੂ ਨਾਨਕ ਵੀ ਭਗਤ ਵਛਲ ਹੋਕੇ ਪ੍ਰਗਟਿਆ ਪਰ ਅਜਬ ਅਜਾਬੀ ਜਾਂ ਅਨੋਖੀ ਗਲ ਜੋ ਗੁਰੂ ਨਾਨਕ ਨੇ ਕੀਤੀ ਉਹ ਇਹ ਸੀ ਕਿ ਉਨਾਂ ਨੇ ਪਤਿਤਾਂ, ਪਾਪੀਆਂ ਦਾ ਵੀ ਉਧਾਰ ਕੀਤਾ। ਚੁਣ ਚੁਣ ਕੇ ਉਨ੍ਹਾਂ ਕੋਲ ਗਏ। ਜੇ ਭਾਈ ਲਾਲੋ ਜਿਹੇ ਪ੍ਰੇਮਾਭਗਤੀ ਵਿਚ ਲੀਨ ਤੇ ਪਵਿਤ੍ਰ ਆਤਮਾ ਦੇ ਕਲਿਆਨ ਲਈ ਉਸ ਕੋਲ ਪਹੁੰਚ ਕੇ ਕੋਧਰੇ ਦੀ ਰੋਟੀ ਖਾਧੀ ਤਾਂ ਨਾਲ ਮਲਕ ਭਾਗੋ ਜਿਹੇ ਜਨਤਾ ਦਾ ਖੂਨ ਪੀ ਕੇ ਆਫਰੇ ਹੋਏ ਪਾਪੀ ਦੇ ਘਰ ਜਾ ਕੇ ਉਸਦਾ ਵੀ ਉਧਾਰ ਕੀਤਾ। ਇਸੇਤਰਾਂ ਹਿੰਦੂ ਮੁਸਲਮਾਨ ਦੇ ਵਡੇ ਤੀਰਥਾਂ ਤੇ ਜਾ ਕੇ ਉਨਾਂ ਧਰਮਾਂ ਦੇ ਆਗੂਆਂ ਤੇ ਪੈਰੋਕਾਰਾਂ, ਦੁਹਾਂ ਨੂੰ,ਭਰਮ ਜਾਲ ਵਿਚੋਂ ਕਢਕੇ ਸਮਾਰਗ ਪਾਇਆ।

ਹੁਣ 'ਜਨ ਪਰ ਉਪਕਾਰੀ ਆਏ' ਤੋਂ ਅਗਲੇਰੀ ਤੁਕ ਇਹ ਦਰਸਾਂਦੀ ਹੈ ਕਿ ਪਰ-ਉਪਕਾਰ ਕਿਹੜਾ ਸੀ, ਜਿਸ ਲਈ ਉਹ ਪ੍ਰਗਟੇ—

ਜੀਅ ਦਾਨ ਦੇ ਭਗਤੀ ਲਾਇਨਿ
ਹਰਿ ਸਿਉ ਲੈਣ ਮਿਲਾਇ॥

ਇਸ ਤੁਕ ਦਾ ਦੂਜਾ ਅਧ ਪਰਉਪਕਾਰ ਨੂੰ ਦਰਸਾਂਦਾ ਹੈ ਤੇ ਪਹਿਲਾ ਅਧ ਉਸ ਮੰਤਵ ਤੇ ਪੂਜਨ ਲਈ ਸਾਧਨ ਜੋ ਗੁਰੂ ਨਾਨਕ ਨੇ ਦ੍ਰਿੜਾਇਆ ਉਸ ਨੂੰ ਪ੍ਰਗਟ ਕਰਦਾ ਹੈ, ਸੋ ਪਰਉਪਕਾਰੀ ਮਿਸ਼ਨ ਜੋ ਗੁਰੂ ਨਾਨਕ ਜੀ ਧੁਰ ਦਰਗਾਹੋਂ ਲੈਕੇ ਪ੍ਰਗਟੇ ਉਹ ਹੈ 'ਹਰਿ ਸਿਉ ਲੈਣ ਮਿਲਾਇ॥' ਮਨੁਖ ਨੂੰ ਜੋ ਹਰੀ ਦੀ ਅੰਸ ਹੈ, ਇਸ ਆਤਮਾ ਨੂੰ ਜੋ ਪ੍ਰਮਾਤਮਾ (ਪਰਮ-ਆਤਮਾ) ਤੋਂ ਹੀ ਉਪਜੀ ਹੈ ਜਿਵੇਂ ਕਿ ਸੂਰਜ ਦੀਆਂ ਕਿਰਨਾਂ ਸੂਰਜ ਤੋਂ ਨਿਕਲਦੀਆਂ ਹਨ, ਮੁੜ ਸੂਰਜ ਵਿਚ ਹੀ ਮਿਲ ਜਾਂਦੀਆਂ ਹਨ। ਮਨੁਖਤਾ ਨੂੰ ਹਰੀ ਨਾਲ ਮੇਲਣ ਦਾ ਪਰਉਪਕਾਰੀ ਮਹਾਨ ਕਾਰਜ ਸੀ, ਜਿਸ ਲਈ 'ਸਤਿਗੁਰ ਨਾਨਕ ਪ੍ਰਗਟਿਆ।' ਇਹ ਕਾਰਜ ਉਹਨਾਂ ਤੋਂ ਪਹਿਲੇ ਕਿਸੇ ਨਹੀਂ ਸੀ ਕੀਤਾ। ਕਿਸੇ ਅਵਤਾਰ, ਪੀਰ ਪੈਗੰਬਰ ਨੇ ਮਨੁਖ ਨੂੰ ਵਾਹਿਗੁਰੂ ਸਿਮਰਣ ਨਾਲ ਜੋੜ ਕੇ 'ਹਰਿ ਸਿਉ ਲੈਣ ਮਿਲਾਇ' ਵਾਲੀ ਅਵਸਥਾ ਤੇ ਨਹੀਂ ਸੀ ਲਿਆਂਦਾ। ਜਦ ਉਹਨਾਂ ਅਕਾਲ ਪੁਰਖ ਦੀ ਪੂਜਾ ਹੀ ਨਹੀਂ ਕਰਵਾਈ ਬਲਕਿ ਇਸ ਦੇ ਉਲਟ ਸ੍ਰਿਸ਼ਟੀ ਨੂੰ ਆਪੇ ਆਪਣਾ ਨਾਮ ਜਪਾਉਣ ਤੇ ਆਪਣੀ ਨਿਜਮਤਿ ਅਨੁਸਾਰ ਆਪਹੁਦਰੇ ਚਲਾਏ ਮਾਰਗ ਤੇ ਹੀ ਚਲਣਾ ਦਸਿਆ ਤਾਂ ਉਹ ਸ੍ਰਿਸ਼ਟੀ ਨੂੰ ਹਰੀ ਨਾਲ ਕਿਸ ਤਰਾਂ ਮਿਲਾ ਸਕਦੇ ਸਨ। ਦਸਮੇਸ਼ ਪਿਤਾ ਜੀ ਨੇ ਬਚਿਤ੍ਰ ਨਾਟਕ ਵਿਚ ਉਹਨਾਂ ਪੀਰਾਂ, ਅਵਤਾਰਾਂ ਦੀ ਇਸ ਅਵਸਥਾ ਤੇ ਉਹਨਾਂ ਦੇ ਕੀਤੇ ਕਾਰਜ ਨੂੰ ਇਸ ਤਰਾਂ ਦਰਸਾਇਆ ਹੈ :—

ਤਿਨ ਕੀ ਠਉਰ ਦੇਵਤਾ ਥਾਪੇ।
ਤੇ ਭੀ ਬਲ ਪੂਜਾ ਉਰਝਾਏ।
ਆਪਨ ਹੀ ਪਰਮੇਸਰ ਕਹਾਏ।੭।
ਮਹਾਦੇਵ ਅਚੁਤ ਕਹਵਾਯੋ।
ਬਿਸਨ ਆਪ ਹੀ ਕੋ ਠਹਰਾਯੋ।
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ।
ਪ੍ਰਭ ਕੋ ਪ੍ਰਭੁ ਨ ਕਿਨਹੂੰ ਜਾਨਾ।੮।
......
ਜੋ ਪ੍ਰਭ ਸਾਖ ਸਾਖ ਨਮਿਤ ਠਹਰਾਏ।
ਤੇ ਹਿਆਂ ਆਇ ਪ੍ਰਭੂ ਕਹਵਾਏ।
......
ਜੋ ਕੋਈ ਹੋਤ ਭਯੋ ਜਗਿ ਸਿਆਨਾ।
ਤਿਨ ਤਿਨ ਆਪਨੋ ਪੰਥ ਚਲਾਨਾ।੧੪।
ਪਰਮ ਪੁਰਖ ਕਿਨ ਹੂੰ ਨਹ ਪਾਯੋ।
ਬੈਰ ਬਾਦ ਹੰਕਾਰ ਬਢਾਯੋ।
ਪੇਡ ਪਾਤ ਆਪਨ ਤੇ ਜਲੈ।
ਪ੍ਰਭ ਕੇ ਪੰਥ ਨ ਕੋਊ ਚਲੈ।੧੫।

ਸੋ ਗੁਰੂ ਨਾਨਕ ਨਿਰੰਕਾਰੀ ਜੀ ਦਾ ਮੁਖ ਉਦੇਸ਼ ਇਹੋ ਹੈ ਕਿ ਪਹਿਲੇ ਉਹ ਜੀਅ ਦਾਨ (ਜ਼ਿੰਦਗੀ ਦਾ ਮੂਲ-ਨਾਮ) ਦੇ ਕੇ ਭਗਤੀ (ਨਾਮ-ਸਿਮਰਣ) ਵਿਚ ਲਾਉਂਦੇ ਹਨ ਤੇ ਇਸ ਭਗਤੀ ਦੇ ਦੁਆਰਾ ਸਤਿਗੁਰੂ ਜੀ ਦੀ ਮੇਹਰ ਸਦਕਾ, ਹਰੀ ਨਾਲ ਮੇਲ ਹੋ ਜਾਂਦਾ ਹੈ। ਇਹ ਹੈ ਉਪਕਾਰ ਤੇ ਇਸਦਾ ਸਾਧਨ। ਇਸੇ ਪਰਉਪਕਾਰੀ ਮਿਸ਼ਨ ਨੂੰ ਪ੍ਰਚੁਰ ਕਰਨ ਲਈ ਉਹਨਾਂ ਨੇ ਦਸ ਜਾਮਿਆਂ ਵਿਚ ਪ੍ਰਵੇਸ਼ ਕਰਕੇ ਲਗ ਭਗ ਢਾਈ ਸੌ *


www.AKJ.Org

# ( ਗੁਰੂ ਨਾਨਕ ਦੀ ਆਮਦ )

( ਕਾਕਾ ਸਤਿਨਾਮ ਸਿੰਘ ਜੀ ਲੁਧਿਆਣਾ )

ਇਕ ਵਿਦਵਾਨ ਦਾ ਵਿਚਾਰ ਹੈ ਕਿ ਗੁਰੂ ਨਾਨਕ ਸਾਹਿਬ ਨਵੀਂ ਉਜਾਗਰਤਾ ਦੇ ਉਪਾਸ਼ਕ ਸਨ। ਇਕ ਹੋਰ ਵਿਦਵਾਨ ਲਿਖਦਾ ਏ ਕਿ ਗੁਰੂ ਨਾਨਕ ਨੇ ਪੁਰਾਣੀਆਂ ਕੁਰੀਤੀਆਂ 'ਚੋਂ ਨਵੀਂ ਧਾਰਾ ਲਭੀ। ਇਕ ਹੋਰ ਵਿਦਵਾਨ ਲਿਖਦਾ ਏ ਜੁ ਗੁਰੂ ਨਾਨਕ ਦਾ ਆਸ਼ਾ ਪੁਰਾਤਨਤਾ, ਨੂੰ ਉਜਾਗਰ ਕਰ ਇਸ ਦੀ ਦਿਖ ਰਹੀ ਜਾਂ ਅਦਿਖ ਮੈਲ ਨੂੰ ਧੋਣਾ ਸੀ। ਗੱਲ ਕੀ, ਤਿੰਨੇ ਵਿਚਾਰ ਜੇ ਅਸੀਂ ਆਪਣੇ ਦਿਮਾਗ ਦੀ ਤਹਿ ਤੇ ਬਿਠਾਈਏ ਤਾਂ ਇਹ ਤਿੰਨੇ ਸਾਨੂੰ ਆਪਸੀ ਸਬੰਧਿਤ ਜਾਪਣਗੇ। ਅਕਸਰ ਜੋ ਅਸਰ ਵਕਤ ਦੀ ਹਕੂਮਤ ਜਾਂ ਵਕਤ ਦੀ ਆਮ ਜਨਤਾ ਤੇ ਗੁਰੂ ਨਾਨਕ ਸਾਹਿਬ ਦਾ ਪਿਆ ਉਸ ਤੋਂ ਵਧੇਰੇ ਅਸਰ ਗੁਰੂ ਨਾਨਕ ਸਾਹਿਬ ਦਾ ਉਸ ਸਮੇਂ ਹੋਂਦ 'ਚ ਆਈਆ ਕੁਰੀਤੀਆਂ ਤੇ ਪਿਆ। ਕੁਰੀਤੀਆਂ ਦਾ ਨਿਖੇ ਹਮੇਸ਼ ਉਹ ਹੀ ਆਤਮਾ ਕਰ ਸਕਦੀ ਏ ਜੋ ਨਵੀ ਉਜਾਗਰਤਾ ਦੀ ਉਪਾਸ਼ਕ ਹੋਵੇ। ਫਿਰ ਨਵੀ ਉਜਾਗਰਤਾ ਦਾ ਆਧਾਰ ਵੀ ਪੁਰਾਤਨਤਾ ਦ ਕੁੰਦਨ-ਮਈ ਕਲਪਨਾ ਹੀ ਹੁੰਦੀ ਏ।

ਗੁਰੂ ਨਾਨਕ ਦਾ ਪ੍ਰਕਾਸ਼ ਉਸ ਜਾਗਤ-ਜੋ ਦਾ ਨਿਖੇੜ ਸੀ, ਜੋ ਆਮ ਮਨੁਖੀ ਸੁਭਾਵਾਂ ਚੋਂ ਦਿ ਦਿਨ ਅਲੋਪ ਹੁੰਦੀ ਜਾ ਰਹੀ ਸੀ। ਵਕਤ ਧਾਰਮਿਕ, ਆਤਮਿਕ ਤੇ ਸਦਾਚਾਰਿਕ ਪੱ ਆਤਮਿਕ ਨਿਰਣਿਆਂ ਤੋਂ ਦੂਰ ਹੁੰਦੇ ਹੋਏ ਕਿ ਪਖੰਡ ਦਾ ਹੋਕਾ ਖਿਲੇਰ ਰਹੇ ਸਨ। ਜੇ ਹਿੰਦੂ ਫਿਲਾਸਫੀ ਆਦਿ-ਅੰਤ ਵਿੱਚ ਬਦਲਦਾ ਪ੍ਰਤੀ

---

*ਸਾਲ ਮਨੁਖ ਰੂਪ ਵਿਚ ਵਿਚਰ ਕੇ ਮਨੁਖਤਾ ਦੀ ਰਹਿਨੁਮਾਈ ਕੀਤੀ। ਹਰੀ ਨਾਲ ਮਿਲਨਾ ਹੀ ਮਨੁਖਤਾ ਦਾ ਪਰਯੋਜਨ ਤੇ ਪ੍ਰਾਪਤੀ ਦੀ ਟੀਸੀ ਹੈ, ਇਸ ਟੀਸੀ ਤ ਪੁਜਣ ਲਈ ਜੀਵਨ ਦੇ ਸਾਰੇ ਪੱਖਾਂ ਨੂੰ ਸੁਧਾਰਨਾ ਤੇ ਉਹਨਾਂ ਵਿਚ ਪ੍ਰੀਵਰਤਨ ਲਿਆਉਣਾ ਅਤਿ ਜ਼ਰੂਰੀ ਸੀ। ਹਰੀ ਦੇ ਨਾਲ ਮਿਲਣ ਲਈ ਇਹ ਜ਼ਰੂਰੀ ਹੈ ਕਿ ਹਰੀ ਦੇ ਗੁਣਾਂ ਦਾ ਪ੍ਰਵੇਸ਼ ਮਨੁਖਤਾ ਵਿਚ ਕੀਤਾ ਜਾਵੇ। 'ਵਿਣ ਗੁਣ ਕੀਤੇ ਭਗਤਿ ਨ ਹੋਇ।' ਜਦ ਤਾਈਂ ਹਰੀ ਦੇ ਗੁਣ ਮਨੁਖ ਵਿਚ ਨਹੀਂ ਪ੍ਰਵੇਸ਼ ਕਰਦੇ, ਭਗਤੀ ਨਹੀਂ ਹੋ ਸਕਦੀ ਤੇ ਭਗਤੀ ਤੋਂ ਬਿਨਾਂ ਹਰੀ ਨਾਲ ਮੇਲ ਨਹੀਂ ਹੋ ਸਕਦਾ। ਸੋ ਮੁਖ ਉਦੇਸ਼ ਤਾਂ ਸੀ ਹਰੀ ਨਾਲ ਮਿਲਣ ਲਈ ਨਾਮ-ਸਿਮਰ ਭਗਤੀ ਵਿਚ ਮਨੁਖਤਾ ਨੂੰ ਲਾਉਣਾ ਤੇ ਬਾ ਸਾਰਾ ਕੁਝ ਹੋਰ ਸਹਾਇਕ ਕਰਮਾਂ ਦੇ ਰੂਪ ਵਿ ਮਨੁਖਤਾ ਦੇ ਹਰ ਪੱਖ ਨੂੰ ਹਰਿ ਗੁਣਾ ਭਰਪੂ ਬਣਾ ਕੇ ਇਸ ਮੁਖ ਮੰਤਵ ਦੀ ਪੂਰਤੀ ਲਈ ਕੀ ਗਿਆ। ਇਹੋ ਮਿਸ਼ਨ ਦਸਾਂ ਗੁਰੂ ਸਾਹਿਬਾਨ ਦ ਜਾਗਦੀ ਜੋਤਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜ ਦੀ ਤਾਬਿਆ 'ਪੰਚ ਪਰਵਾਨ ਪੰਚ ਪਰਧਾਨ ਪਿਆਰਿਆਂ ਦੇ ਰੂਪ ਵਿਚ ਸਤਿਗੁਰੂ ਨਾਨਕ ਦਸਮੇਸ਼ ਜੀ ਹੁਣ ਵੀ ਚਲਾ ਰਹੇ ਹਨ ਤੇ ਉ ਗੁਰ ਜੋਤੀ ਹੁਣ ਇਸ ਰੂਪ ਵਿਚ ਵਿਚਰ ਕ ਉ ਪਰਉਪਕਾਰੀ ਕਾਰਜ ਨੂੰ ਸਰੰਜਾਮ ਦੇ ਰਹੀ ਹੈ।



www.AKJ.org

ਦਾ ਸੀ ਤਾਂ ਮੁਸਲਮਾਨ ਫਿਲਾਸਫ਼ੀ ਦਾ ਵੀ ਕੁਝ ਖ ਆਪਣੇ ਪੂਰੇ ਜੋਬਨ ਵਿਚ ਸੀ। ਹਿਰਦਿਆਂ ਸ਼ਿੰਗਾਰ, ਸਰੀਰਕ ਸ਼ਿੰਗਾਰ ਜਾਂ ਪਖੰਡ ਵਿਚ ਦਲ ਗਏ ਸਨ, ਤੇ ਇਸ ਸਮੇਂ ਕਲਜੁਗ ਭਾਵ ਤਾਨ ਦਾ ਪਹਿਰਾ ਸੀ ਜੋ ਆਪ ਮਨੁਖ ਦੀਆਂ ਤਾਂ 'ਚ ਲਹਿਰ ਵਾਂਗ ਫੈਲ ਚੁਕਾ ਸੀ।

ਸਾਡੀ ਨਜ਼ਰ ਜੇ ਗੁਰੂ ਸਾਹਿਬ ਦੇ ਅਜੋਕੇ ਮੇਂ ਦੀਆਂ ਸਮਾਜਿਕ, ਧਾਰਮਿਕ, ਜਾਂ ਆਤਮਿਕ ਖਾਂ ਤੇ ਕਰਮਵਾਰ ਫਿਰੇ ਤਾਂ ਅਸੀਂ ਇਕ ਨਵੇਲੀ ਅਵੇਕਲੀ ਫ਼ਿਲਾਸਫ਼ੀ ਜੋ ਗੁਰੂ ਸਾਹਿਬ ਨੇ ਚਾਰੀ, ਲੱਭ ਸਕਾਂਗੇ। ਚੂੰਕਿ ਕਿਸੇ ਮਹਾਨ ਸਤੀ ਜਾਂ ਪਰਮ ਪੁਰਖ ਦੇ ਗੁਣ ਤੇ ਗੁਣਾਂ ਾ ਨਿਚੋੜ ਉਸ ਸਮੇਂ ਦੀਆਂ ਅਜੋਕੀਆਂ ਹਾਲਤਾਂ ਨਿਰਭਰ ਹੁੰਦੇ ਨੇ।

ਜਿਥੋਂ ਤਕ ਗੁਰੂ ਸਾਹਿਬ ਦੇ ਸਮੇਂ ਦੀਆਂ ਸਮਾ-ਜਕ ਹਾਲਤਾਂ ਦਾਂ ਚਿਤਰਣ ਏ,ਉਸ ਬਾਬਤ ਅਸੀਂ ਹੁਤੀ ਦੂਰ ਜਾਣ ਦੀ ਬਜਾਏ ਇਤਨਾ ਹੀ ਕੇਵਲ ਾਖ ਸਕਦੇ ਹਾਂ ਜੁ ਸਮਾਜਿਕ ਸ਼ਾਂਤੀ ਸਮਾਜਿਕ-ਬਰ 'ਚ ਬਦਲ ਚੁਕੀ ਸੀ। ਅਰਥਾਤ ਜ਼ਿਮੇਵਾਰ ਇਨਸਾਨ, ਕਸੂਧ ਤੇ ਅਜਿਹੇ ਵਹਿਸ਼ੀ ਸਿਧਾਂਤਾਂ ਾ ਵਹਿ ਚੁਕੇ ਸਨ ਜਿਨਾਂ ਦਾ ਬਾਹਰਲਾ ਤੇ ਤਰੀਵ ਪੱਖ ਚਾਹੇ ਉਹ ਰਾਜਸੀ ਧਾਰਮਿਕ ਾਂ ਅਤਮਿਕ ਪੱਖ ਤੋਂ ਉਘੜੇ ਇਕ ਪਖੰਡ ਦੀ ਕੀਰ ਹੀ ਨਜ਼ਰ ਆਉਂਦੀ ਸੀ। ਸਮਾਜਿਕ ਾਲਤਾਂ ਦੀ ਸਥਿਰਤਾ ਸਦੀਵ ਤੌਰ ਤੇ ਗਾਇਬ ਦੀ ਜਾਪ ਰਹੀ ਸੀ।

ਸਮਾਜਿਕ ਹਾਲਤ ਜੋ ਧਾਰਮਿਕ ਸਥਿਰਤਾ ਨੂੰ ਇਮ ਰਖਣ ਲਈ ਸਦਾ ਜ਼ਿਮੇਂਵਾਰ ਹੁੰਦੀ ਏ, ਜ ਕਲਪਨਾ 'ਚ ਮਸਤ ਸੀ ਕਿ ਗੁਰੂ ਨਾਨਕ ਹਿਬ ਨੂੰ ਉਨ੍ਹਾਂ ਘੋਲਾਂ ਤੇ ਉਲਝਣਾਂ ਦਾ ਟਾਕਰਾ ਰਨ ਲਈ ਤਿਆਰ ਹੋਣਾ ਪਿਆ ਜਿਨ੍ਹਾਂ ਸਮਾਜਿਕ ਲਤਾਂ ਦੀ ਸਿਖਰ ਕਵਲ ਫੋਕਟ ਪੁਣਾ, ਜਾਂ ਈ ਵੀ ਸਫਲਤਾ ਪੂਰਵਕ ਨਤੀਜਾ ਨਾ ਸੀ।

ਰਾਜਸੀ ਹਾਲਤ ਸਮਾਜਿਕ ਹਾਲਤਾਂ ਦਾ ਚਾ ਰੂਪ ਹੁੰਦੀ ਏ। ਜੋ ਸਮਾਜਿਕ ਹਾਲਤਾਂ ਦੀ ਅਸਥਿਰਤਾ ਨੇ ਰਾਜਸੀ ਢਾਂਚੇ ਨੂੰ ਬਹੁਤ ਬੁਰੀ ਤਰ੍ਹਾਂ ਵੰਡ ਰਖਿਆ ਸੀ। ਗਰੀਬ ਤੇ ਕਮਜ਼ੋਰ ਇਨਸਾਨ ਖ਼ੂਨੀ ਸਬਰ ਦਵਾਰਾ ਅਤੇ ਜ਼ਿਮੇਂਵਾਰ, ਤਾਕਤਵਰ ਇਨਸਾਨ ਵਹਿਸ਼ਤੀ ਬੋਲਬਾਲੇ ਦੁਆਰਾ ਆਪਣੇ ਵਕਤ ਦਾ ਐਸ਼ ਮਈ ਅਤੇ ਜਬਰ ਮਈ ਦਿਵਾਲਾ ਕੱਢ ਰਹੇ ਸਨ। ਰਾਜਸੀ ਢਾਂਚਾ ਅਜੇਹੇ ਸ਼ੀਹਾਂ ਨੂੰ ਪਾਲ ਰਿਹਾ ਸੀ ਜੋ 'ਮੁਕਦਮ ਕੁੱਤੇ' ਬੁਰੀ ਤਰ੍ਹਾਂ ਕੁਚਲ ਰਹੇ ਸਨ। ਅਸਲ ਵਿਚ ਰਾਜਸੀ ਢਾਂਚਾ ਕਸੂਧ ਤੇ ਸਮਾਜਿਕ ਹਾਲਤਾਂ ਨੂੰ ਕੋਹ ਰਿਹਾ ਸੀ, ਤੇ ਰਾਜਸੀ ਢਾਂਚੇ ਤੋਂ ਇਨਸਾਫ਼ ਤੇ ਸਮਾਜਿਕ ਢਾਂਚੇ ਤੋਂ ਇਨਕਲਾਬ ਕੋਈ ਕਿਤੇ ਵੀ ਨਜ਼ਰ ਨਹੀਂ ਆਉਂਦਾ ਸੀ। ਲੋਕਾਂ ਦੀ ਆਤਮਕ ਅਵਸਥਾ ਹੋਰ ਤੋਂ ਹੋਰ ਢਹਿੰਦੀ ਕਲਾ ਵਲ ਜਾ ਰਹੀ ਸੀ। 'ਸੁਰਤ ਦਾ ਪਰਚਾ' ਜਾਂ 'ਨਿਸ਼ਕਾਮ ਸੇਵਾ' ਇਤਨੀ ਦੂਰ ਸੀ ਕਿ ਆਮ ਮਨੁਖੀ ਸੁਭਾਵ ਕਿਸੇ ਵੀ ਜ਼ਿੰਦਗੀ ਦੇ ਦਮ ਤੇ ਕਲਪ ਨਹੀਂ ਸਕਦਾ ਸੀ। ਆਤਮਾ ਜੋ ਪ੍ਰਮਾਤਮਾ ਦਾ ਸਾਕਾਰ ਰੂਪ ਹੁੰਦੀ ਏ, ਦੁਖੀ, ਬਿਹਬਲ ਤੇ ਕਮਜ਼ੋਰ ਹੋ ਕਿਸੇ ਪਰਾਏ ਆਸਰੇ ਦੀ ਮੰਗ ਚਿਤਵ ਰਹੀ ਸੀ, ਪਰ ਅਜੇਹੀਆਂ ਹਾਲਤਾਂ 'ਚ ਸਹਾਰਾ ਮਿਲਣਾ ਵੀ ਇਤਨਾ ਮੁਸ਼ਕਲ ਹੋ ਗਿਆ ਜੋ ਭਰਾਵਾਂ ਨੂੰ ਭੈਣਾਂ ਦੀ ਤੇ ਜਵਾਨੀਆਂ ਨੂੰ ਮਸੂਮਾਂ ਦੀ ਸੇਵਾ ਜਾਂ ਉਹਨਾਂ ਦੀ ਪੂਰਨ ਰਖਿਆ ਆਪਣੇ ਵੱਸ ਤੋਂ ਬਾਹਰ ਹੁੰਦੀ ਜਾਪਦੀ ਸੀ। ਉਚੀ ਆਤਮਿਕ ਅਵਸਥਾ ਜੋ ਚੜ੍ਹਦੀ ਕਲਾ 'ਚ ਵਹਿ ਦਲੇਰੀ ਆਮ ਮਨੁਖੀ ਸੁਭਾਵਾਂ ਨੂੰ ਸੌਂਪਦੀ ਏ, ਕਦਾਚਿਤ ਪ੍ਰਗਟ ਨਹੀਂ ਸੀ ਹੋ ਰਹੀ।

ਧਾਰਮਿਕ ਪੱਖ ਗੁਰੂ ਨਾਨਕ ਸਾਹਿਬ ਦੀ ਆਮਦ ਦੇ ਸਮੇਂ ਇਤਨਾ ਬੇਪਛਾਣਿਆਂ ਜਾਪ ਰਿਹਾ ਸੀ ਕਿ ਲੋਗ ਐਵੇਂ ਮੜੀਆਂ, ਮਸਾਣਾਂ, ਬ੍ਰਾਹਮਣਾਂ, ਪਖੰਡੀ ਸਾਧੂਆਂ ਫ਼ਕੀਰਾਂ ਦੇ ਮਗਰ ਲਗ ਆਪਣੀ ਮਨੁਖਾ ਜ਼ਿੰਦਗੀ ਦਾ ਅਮੋਲ ਸਮਾਂ ਅਜਾਈਂ ਗਵਾ ਰਹੇ ਸਨ। ਕਰਮ-ਕਾਂਡ ਜਿਸ ਦਾ ਨਤੀਜਾ ਇਕ ਅਜੇਹਾ ਬੇ-ਮਲੂਮਾਂ ਜਿਹਾ ਸਦਾਚਾਰ ਰਹਿ ਚੁਕਾ ਸੀ ਜੋ ਲੋਕਾਂ ਦੀ ਦਿਮਾਗੀ ਸ਼ਾਂਤੀ ਨੂੰ


www.AKJ.Org

ਅਲੋਪ ਕਰ ਉਹਨਾਂ ਨੂੰ ਨਿਤ ਦਿਹਾੜੇ ਭੰਭਲ ਭੂਸਿਆਂ ਦੇ ਅੰਧ-ਸਾਗਰ 'ਚ ਡੋਬ ਰਿਹਾ ਸੀ।

ਸੋ ਨਿਰਣਾ ਇਹੋ ਜਾਪਦਾ ਏ ਜੋ ਗੁਰੂ ਨਾਨਕ ਸਾਹਿਬ ਦੇ ਅਜੋਕੇ ਸਮੇਂ ਧਾਰਮਿਕ, ਆਤਮਿਕ ਤੇ ਰਾਜਸੀ ਢਾਂਚੇ ਅਮੋੜ ਹੋ ਅਸਹਿ ਹੁੰਦੇ ਗਏ ਤੇ ਗਰੀਬ ਜਨਤਾ ਅਖੀਰ, ਜ਼ਾਲਮਾਂ ਤੇ ਪਖੰਡੀ ਮਾਨਵਵਾਦ ਦੇ ਜਕੜ 'ਚ ਆ ਗਈ।

ਗੁਰੂ ਨਾਨਕ ਦੀ ਆਮਦ ਉਹਨਾਂ ਸਾਰੀਆਂ ਬਾਗੀ ਭਾਵਨਾਵਾਂ ਦੇ ਵਿਰੁਧ ਇਕ ਕ੍ਰਾਂਤੀ ਸੀ ਜੋ ਉਪਰ ਦਸੀਆਂ ਜਾ ਚੁਕੀਆਂ ਨੇ। ਗੁਰੂ ਨਾਨਕ ਦੀ ਆਮਦ ਉਸ਼ ਫਿਲਾਸਫੀ ਦਾ ਪ੍ਰਕਾਸ਼ ਸੀ ਜਿਸ ਨੇ ਗੁਰਮਤ ਅਨਹਦ ਨਿਰਤਕਾਰੀ ਨੂੰ ਜਨਮ ਦੇਣਾ ਸੀ। ਗੁਰੂ ਨਾਨਕ ਦੀ ਆਮਦ ਉਸ ਆਤਮਾ ਦੀ ਆਵਾਜ਼ ਸੀ ਜੋ ਸਮੁਚੇ ਸਮਾਜ ਦੇ ਅੰਤਰੀਵ ਤੇ ਬਾਹਰਲੇ ਰੂਪ ਦੇ ਇਕ ਅਜੀਬ ਹਚਕੋਲਾ ਜਿਹਾ ਖਲੇਰ ਉਹਨਾਂ 'ਚ ਸੁਧਾਰ ਵਾਦ ਦੀ ਭਾਵਨਾਂ ਛੇੜਨਾਂ ਚਾਹੁੰਦੀ ਸੀ। ਗੁਰੂ ਨਾਨਕ ਦੀ ਆਮਦ ਉਸ ਕੁਦਰਤੀ ਸ਼ਕਤੀ ਦਾ ਚਮਤਕਾਰ ਸੀ ਜੋ ਖਿਨ ਖ਼ਿਨ ਇਕ ਅਜੀਬ ਫਲਸਫਾ ਨਖੇੜ ਸਮੁਚੇ ਮਾਨਵਵਾਦ ਨੂੰ ਆਪਣੀਆਂ ਡੂੰਘਾਈਆਂ 'ਚ ਸਮੇਟ ਲਵੇ। ਗੁਰੂ ਨਾਨਕ ਸਾਹਿਬ ਉਸ ਨੂਰ ਦੇ ਮਾਲਕ ਸਨ ਜਿਸ ਨੂਰ ਨੇ ਸਦੀਆਂ ਤੋਂ ਨਹੀਂ ਬਲਕਿ ਮਨੁਖਤਾ ਦੀ ਆਮਦ ਤੇ ਆਰੰਭ ਤੋਂ ਇਹ ਪ੍ਰਕਾਸ਼ ਦਿਤਾ ਕਿ ਸਤਿਨਾਮੁ ਦੀ ਵਡਿਆਈ ਸਦਾ ਜਾਗਤ ਜੋਤਿ ਬਣ ਕਿਸੇ ਮਖਮੂਰ ਤੇ ਅਲਮਸਤ ਮਰਜੀਵੜਿਆਂ ਦਾ ਅਧਾਰ ਰਹੀ ਏ।

ਗੁਰੂ ਨਾਨਕ ਸਾਹਿਬ ਨੇ ਸਮੁਚੀ ਹਾਲਤ ਨੂੰ ਅਨੁਭਵ ਕੀਤਾ ਅਤੇ ਇਸ ਹਾਲਤ ਵਿਚ ਕੋਈ ਅਹਿਮ ਨਿਰਣਕ ਫੈਸਲਾ ਨਜਿਠਣ ਦਾ ਪੈਗਾਮ ਅਰੰਭਿਆ। ਉਹ ਪੈਗਾਮ ਜੋ ਉਹਨਾਂ ਆਮ ਮਾਨਵਵਾਦ ਲਈ ਲੱਭਿਆ, ਉਹ ਸੀ, 'ਅਨਹਦ ਸ਼ਬਦ ਵਿਸਮਾਦ' ਅਰਥਾਤ 'ਸ਼ਬਦ-ਗੁਰੂ' ਦਾ ਉਜਿਆਰਾ ਪੱਖ। ਗੁਰੂ ਨਾਨਕ ਸਾਹਿਬ ਜਗਤ ਜਲੰਦੇ ਦੇ ਸੁਧਾਰ ਲਈ 'ਇਹੋ ਸ਼ਬਦ ਦਾ ਨਿਬੇੜਾ' ਹੀ ਪ੍ਰਚਾਰਦੇ ਫਿਰੇ। ਗੁਰੂ ਸਾਹਿਬਾਂ ਦਾ'ਰਸ ਅੰਮ੍ਰਿਤ ਕੰਟਾ ਇਸੇ ਸ਼ਬਦ ਦਾ ਨੂਰਾਨੀ ਪੱਖ ਸੀ ਅਰਥਾਤ ਗੁਰੂ ਸਾਹਿਬ ਨੇ ਇਕ ਨਿਵੇਕਲੀ ਉਜਿਆਰੀ ਫਿਲਾਸਫੀ ਪ੍ਰਚਾਰੀ ਜਿਸਦਾ ਮੂ ਮੰਤਵ ਪਾਖੰਡ, ਲੋਕਾਚਾਰੀ ਜਾਂ ਹਉਮੈਂ ਦਾ ਕੁਸੁ ਪ੍ਰਭਾਵਾਂ ਨੂੰ ਮੇਟ ਸਫਲ ਜ਼ਿੰਦਗੀ ਜੀਣ ਦਾ ਰਾ ਉਲੀਕਣੇ ਸਨ।

ਗੁਰੂ ਸਾਹਿਬਾਂ ਦੇ ਫਲਸਫੇ ਨੂੰ ਜਦ ਅਸ ਹੋਰ ਨਿਖੇੜੀਏ ਤਾਂ ਅਸੀਂ ਅਨੁਭਵ ਕਰਾਂਗੇ ਜੇ ਉਹਨਾਂ ਨੇ ਪੁਰਾਤਨਤਾ ਦੀ ਦਿੱਖ ਰਹੀ ਅਦਿੱਖ ਮੈਲ ਨੂੰ ਧੋਤਾ, ਤਾਂ, ਨਾਲੋ ਨਾਲ ਨਵੀਨਤ ਦੇ ਉਜਿਆਰੇ ਪੱਖ ਨੂੰ ਵੀ ਪ੍ਰਗਟ ਕੀਤਾ ਉਹ ਨਵੀਨ ਉਜਿਆਰਾ ਪੱਖ ਸੀ ਜੁਗੋ ਜੁ ਵਾਹਿਗੁਰੂ ਦੇ ਨਿਰਭਉ-ਪਸਾਰੇ ਦਾ ਅਨੂਪ ਗਿਆਨ ਜੋ ਬਾਬੇ ਦੇ ਸ਼ਬਦ ਦਾ ਮੂਲ ਰੂਪ ਸੀ ਬਾਬੇ ਦਾ ਸ਼ਬਦ ਸਚੀ ਟਕਸਾਲ ਸੀ। ਬਾਬੇ ਸ਼ਬਦ ਅਨਭਉ, ਅਚਰਜ ਤੇ ਅਗਮ ਸੀ। ਬਾ ਦਾ ਸ਼ਬਦ ਅਕਸਰ ਗੁਰਮਤ-ਫਿਲਾਸਫੀ ਗੁਰਮਤ ਪਿਰਹੜੀ ਦਾ ਸਾਰਥਿਕ ਪੱਖ ਸੀ। ਹੋ ਸਭ ਪੱਖ ਅਰਥਾਤ ਸੰਸਾਰੀ, ਆਤਮਿਕ ਰਾਜਸੀ ਫੋਕਟ ਕਰਾਰ ਦਿਤੇ ਗਏ। ਨਾਮ ਤੋ ਬਿਨਾਂ ਸਭੇ ਵਸਤੂਆਂ; ਸਭੇ ਸੁਖ, ਸਭ ਸ਼ਿੰਗਾਰ ਸਭੇ ਰੰਗ, ਸਭੇ ਸੁਹਾਗ ਤੇ ਸਭੇ ਕਰਮ ਫੋਕ ਕਰਾਰ ਦਿਤੇ ਗਏ। ਪਖੰਡ ਨੂੰ ਇਤਨੀ ਬੁਰੀ ਤਰ ਘਦੇਲਿਆ ਗਿਆ ਜੋ ਕਿ ਬਾਬੇ ਦੇ ਸ਼ਬਦ ਅਨੁਕੂਲ ਸਭ ਰਹਿੰਦੇ ਗੁਣ ਪਾਖੰਡ ਨਾਲ ਅਲੋ ਹੋ ਜਾਣਗੇ।

ਗੁਰੂ ਬਾਬੇ ਦਾ ਇਹ ਨਿਸਚਾ ਸੀ ਕਿ ਉ ਸਮੇਂ ਦੀ ਸਮਾਜਿਕ, ਆਤਮਿਕ ਜਾਂ ਸਦਾਚਾਰਿਕ ਅਸਥਿਰਤਾ, ਕੇਵਲ ਇਕ ਕੋਨੇ ਤੇ ਆਧਾਰਿਤ ਜੋ ਕਿ ਹਉਮੈ ਦਾ ਨਿਕਾਸ ਸੀ। ਗੁਰੂ ਬਾਬੇ ਇਹ ਫਲਸਫਾ ਨਿਖੇੜਿਆ ਕਿ ਨਾਮ ਜਪਣ ਤੋ ਬਿਨਾਂ ਕਦੇ ਵੀ ਹਉਮੈ ਦੂਰ ਨਹੀਂ ਹੋ ਸਕਦੀ ਤੇ ਜਿਸਦਾ ਫਲਸਰੂਪ ਕਦੇ ਵੀ ਸਮਾਜਿਕ, ਰਾਜਸ ਜਾਂ ਆਤਮਿਕ ਅਸਥਿਰਤਾ ਖਤਮ ਨਹੀਂ ਹੋਵੇਗ ਗੁਰੂ ਬਾਬੇ ਦਾ ਕੇਵਲ ਇਹ ਨਿਸਚਾ ਹੀ ਨਹੀ

www.AKJ.Org

ਸੀ, ਬਲਕਿ ਗੁਰੂ ਬਾਬੇ ਨੇ ਇਸ ਫਲਸਫੇ ਨੂੰ, ਭੁਲੜ ਜਾਂ ਵਿਰੋਧੀ ਮਾਨਵਵਾਦ ਨਾਲ ਬਹਿਸਾਂ ਛੜ ਕੇ ਸੱਤ ਸਾਬਤ ਕੀਤਾ। ਉਪਕਾਰ, ਨੇਕੀ; ਸਤ ਸੀਲ ਤੇ ਸੰਜਮ ਜੋ ਕਿ ਨਾਮ ਜਪਣਹਾਰੇ ਲਈ ਅਤਿ ਲੋੜੀਂਦੇ ਨੇ ਹਉਮੈਂ ਨੂੰ ਸਾੜ ਦੇਣਗੇ ਤੇ ਆਤਮਿਕ ਤੇ ਸਰੀਰਕ ਸ਼ਾਂਤੀ ਦਾ ਸਦੀਵ ਪਸਾਰਾ ਪਸਰੇਗਾ। ਸੋ ਬਾਬੇ-ਸਤਿਗੁਰੂ ਨੇ ਹਉਮੈਂ ਨਾਲ ਟੱਕਰ ਲੈ ਇਕ ਅਜਿਹੇ ਸ਼ਬਦ ਦਾ ਨਿਬੇੜਾ ਕਹਿ ਸੁਣਾਇਆ ਜਿਸ ਖਿਨ ਖਿਨ ਨਾਮੁ ਦਾ ਨੇਹੁ ਅਲਾਪ ਹਉਮੈ ਦੇ ਕੀੜੇ ਦਾ ਸਦੀਵ ਤੌਰ ਤੇ ਵਿਨਾਸ਼ ਕਰਨਾ ਸੀ।

ਗੁਰੂ ਨਾਨਕ ਦਾ ਫ਼ਲਸਫਾ ਕੇਵਲ ਫਲਸਫ਼ਾ ਹੀ ਨਹੀਂ, ਬਲਕਿ ਉਚੀ ਤੇ ਸੁੱਚੀ ਕਰਨੀ ਵੀ ਏ। ਗੁਰਮਤ-ਕਮਾਈ ਤਦ ਤਕ ਹੋਛੀ ਰਹੇਗੀ ਜਦ ਤਕ ਕਿ 'ਧਰਮ ਦੀ ਕਿਰਤ ਤੇ ਹਕ ਦਾ ਖਾਣਾਂ" ਦਾ ਅਸੂਲ ਨਹੀਂ ਦ੍ਰਿੜਾਇਆ ਜਾਂਦਾ। ਬ੍ਰਾਹਮਣਵਾਦ ਦਾ ਆਸਰਾ ਫੋਕਟ ਏ ਤੇ ਸਫਲੀਪ ਜ਼ਿਦਗੀ ਨਿਭਾਉਣ ਲਈ ਗੁਰਮਤ ਸਮਝਣੀ ਬਹੁਤ ਜ਼ਰੂਰੀ ਏ। ਸਫਲ ਜ਼ਿੰਦਗੀ ਸਹਜ ਅਵਸਥਾ ਦਾ ਹੀ ਇਕ ਨਿਰਣਾਂ ਏ ਪਰ ਸਹਜ ਅਵਸਥਾ ਨਾਮ ਜਪਣ ਤੋਂ ਬਿਨਾਂ ਨਹੀਂ ਪ੍ਰਾਪਤ ਹੋ ਸਕਦੀ ਪਰ ਨਾਮ ਹਉਮੈਂ ਸੁਭਾਵ ਹੋਣ ਕਾਰਨ ਨਹੀਂ ਜਪਿਆ ਜਾ ਸਕਦਾ ਤੇ ਇੰਞ ਗੁਰੂ ਬਾਬੇ ਦੇ ਫਲਸਫੇ ਨੇ ਸਮੁਚੇ ਦੁਨਿਆਵੀ, ਆਤਮਿਕ, ਧਾਰਮਿਕ, ਰਾਜਸੀ ਜਾਂ ਸਦਚਾਰਿਕ ਪਖ ਨੂੰ ਆਪਣੇ ਕਲਾਵੇ 'ਚ ਲੈ ਸਫਲ ਜ਼ਿਦਗੀ ਜੀਣ ਦੀ ਜਾਚ ਦਸੀ।

ਫਿਰ ਗੁਰੂ ਬਾਬੇ ਨੇ ਫਲਸਫਾ ਖਿਲੇਰਿਆ ਕਿ ਹਉਮੈਂ ਤੋਂ ਬਚਣ ਲਈ ਜੇ ਨਾਮ ਜਪਣਾ ਅਤਿ ਜ਼ਰੂਰੀ ਏ ਤਾਂ ਨਾਲੋ ਨਾਲ ਗੁਰਮਤ-ਨਾਮ ਜਪਣ ਲਈ ਅਕਾਲਪੁਰਖ ਨਾਲ ਸਚੀ ਪਿਰਹੜੀ ਜ਼ਿੰਦਗੀ ਦੇ ਦਮਬਦਮ ਨਿਭਾਣੀ ਪਵੇਗੀ। ਜਿਸਦਾ ਫਲ ਸਰੂਪ ਇਸ ਫੋਕਟ ਜ਼ਿੰਦਗੀ ਦਾ ਠੀਕਰਾ ਤ੍ਰਸੁਧੁ, ਕੁਚਜੀਆਂ ਤੇ ਅਸਥਾਈ ਪ੍ਰੀਤਾਂ ਨੂੰ ਹਮੇਸ਼ ਤਿਲਾਂਜਲੀ ਦੇ ਰਖੇਗਾ। ਤੇ ਸਤਿਗੁਰੂ ਜਾਂ ਅਕਾਲਪੁਰਖ ਨਾਲ ਪ੍ਰੀਤ ਤਾਂ ਹੀ ਨਿਭ ਸਕੇ ਗੀਜੇ ਕਰ ਅਸਥਾਈ ਜਾਂ ਕਚੀਆਂ ਪ੍ਰੀਤਾਂ ਨੂੰ ਸਦੀਵ ਤਿਲਾਂਜਲੀ ਦਿਤੀ ਜਾਏਗੀ। ਪਰ ਅਸਥਾਈ ਜਾਂ ਕਚੀਆਂ ਪ੍ਰੀਤਾਂ ਤਾਂ ਹੀ ਛਡੀਆਂ ਜਾ ਸਕਣਗੀਆਂ ਜੇ ਕਰ ਵਾਸ਼ਨਾ ਤੋਂ ਮਨੁਖ ਸਦਾ ਬਚੇ ਪਰ ਵਾਸ਼ਨਾਂ ਤੋਂ ਆਮ ਮਨੁਖ ਤਾਂ ਹੀ ਬਚ ਸਕੇਗਾ ਜੇ ਕਰ ਉਹਨਾਂ ਦੀ ਗੁਰਮਤ-ਇਸ਼ਕ ਦੀ ਭਾਵਨਾ ਪਸਰੇ। ਅਰਥਾਤ ਜੇ ਜ਼ਰਾ ਡੂੰਘਿਆਈ 'ਚ ਸੋਚਿਆ ਜਾਵੇ ਤਾਂ ਇਹ ਪ੍ਰਤੱਖ ਹੋਵੇਗੀ ਕਿ ਵਾਸ਼ਨਾ ਦੀ ਹੋਂਦ ਹਉਮੈਂ ਨੂੰ ਸਦਾ ਨਾਲ ਰਖਦੀ ਏ, ਪਰ ਹਉਮੈਂ ਤੇ ਨਾਮ ਸਦਾ ਇਕ ਦੂਸਰੇ ਪਾਸੋਂ ਦੂਰ ਰਹਿੰਦੇ ਨੇ। ਸੋ ਗੁਰੂ ਬਾਬੇ ਦਾ ਫ਼ਲਸਫ਼ਾ ਹਉਮੈ ਤੇ ਵਾਸ਼ਨਾਂ ਤੇ ਮਾਰੂ ਹਮਲਾ ਸੀ।

ਗੁਰੂ ਬਾਬੇ ਦੇ ਫਲਸਫੇ ਨੇ, ਫ਼ਿਲਾਸਫ਼ੀ ਨੂੰ ਕੇਵਲ ਲੇਖਣੀ ਜਾਂ ਕਥਨੀ 'ਚ ਹੀ ਨਹੀਂ ਲਿਆਂਦਾ ਬਲਕਿ ਗੁਰੂ ਬਾਬੇ ਜੀ ਨੇ ਆਪ ਚਹੁੰ ਕੂੰਟਾਂ 'ਚ ਜਾ ਇਸ ਫ਼ਿਲਾਸਫ਼ੀ ਦੇ ਨਿਰਣੇ ਆਮ ਮਨੁਖੀ ਸੁਭਾਵਾਂ 'ਚ ਵੰਡੇ। ਬਹਿਸਾਂ ਛੇੜੀਆਂ ਤੇ ਸਦਾ ਧਰਮ ਦੀ ਕਿਰਤ ਦਾ ਸੱਚਾ ਸੁੱਚਾ ਉਪਦੇਸ਼ ਦ੍ਰਿੜਾਇਆ। ਮੂਰਖ ਅਤੇ ਬੇਸਮਝ ਲਗ ਗੁਰੂ ਬਾਬੇ ਦੇ ਫਲਸਫੇ ਦਾ ਨਿਚੋੜ ਸੁਣ ਨਿਹਾਲੋ ਨਿਹਾਲ ਹੋ ਗਏ ਤੇ ਅਨੇਕਾਂ ਕਟੜ ਪਖਡੀ ਭੁਲੇ ਰਸਤਿਆਂ ਤੋਂ ਸਚੇ ਰਸਤੇ ਤੇ ਆ ਗਏ। ਕਈ ਬਾਬਰ ਵਰਗੇ ਰਾਜਸੀ-ਜ਼ਾਲਮ ਗੁਰੂ ਬਾਬੇ ਦੇ ਫ਼ਲਸਫੇ ਨੇ ਇਉਂ ਪੰਘਾਰ ਦਿਤੇ ਕਿ ਉਹਨਾਂ ਨੂੰ ਗੁਰੂ ਬਾਬੇ ਦੀ ਫ਼ਿਲਾਸਫੀ ਅਗੇ ਸਿਰ ਝੁਕਾਣ ਤੋਂ ਸਿਵਾਏ ਹੋਰ ਕੋਈ ਚਾਰਾ ਨਾਂ ਰਿਹਾ। ਤੇ ਕਈ ਵਹਿਮੀ ਪਖੰਡ ਗੁਰੂ ਬਾਬੇ ਦੀ ਫਿਲਾਸਫੀ ਨੇ ਫੋਕਟ ਕਰਾਰ ਦਿਤੇ। ਅਨੇਕਾਂ ਸਜਣ ਠੱਗ 'ਮਲਕ ਭਾਗੋ, ਦੁਨੀ ਚੰਦ ਵਰਗੇ ਅਪਰਾਧੀ ਤੇ ਅਪਵਾਧੀ ਮਨੁਖਾਂ ਨੂੰ ਗੁਰੂ ਬਾਬੇ ਦੇ ਫ਼ਲਸਫ਼ਾ ਅਰਥਾਤ 'ਸ਼ਬਦ ਦਾ ਨਿਬੇੜਾ' ਮੰਨਣਾ ਪਿਆ ਤੇ ਉਹਨਾਂ ਆਪਣੀ ਜੀਵਨ ਮੰਜ਼ਲ ਸੁਖੇਨਤਾ 'ਚ ਲੰਘਾਈ। ਗੁਰੂ ਬਾਬੇ ਦੀ ਫਿਲਾਸਫੀ ਨੇ ਨ ਕਿਸੇ ਧਰਮ 'ਚ ਸੁਚੱਜੀ ਭਾਵਨਾਂ ਨੂੰ ਨਿੰਦਿਆ ਨਾਂ ਕਿਸੇ ਕਰਮ ਦੇ ਸੁਚੱਜੇ ਪੱਖ ਨੂੰ। ਜੋ

www.AKJ.Org

ਗੁਰੂ ਬਾਬੇ ਦੀ ਫਲਸਫੇ ਦਾ ਅੰਤਰੀਵ ਕਰੂਪ ਸੀ, ਉਹ ਇਹ ਕਿ ਧਰਮ ਤੇ ਕਰਮ ਦਾ ਨਿਚੋੜ, ਕੇਵਲ ਗੁਰਮਤਿ ਫਿਲਾਸਫ਼ੀ ਦਰਸਾਈ ਜਾਵੇ ਤਾਂ ਕਿ ਅਜੋਕਾ ਤੇ ਭਵਿਖ ਦਾ ਮਾਨਵਵਾਦ ਕਿਸੇ ਭੰਬਲ-ਭੂਸੇ 'ਚ ਡਿਗਣ ਤੋਂ ਗੁਰੂ ਬਾਬੇ ਦੀ ਫਿਲਾਸਫੀ ਸੁਣ ਸੁਣ ਬਚ ਸਕੇ।

ਗੁਰੂ ਬਾਬੇ ਦੀ ਫਲਾਸਫੀ ਦਾ ਮੂਲ ਮੰਤਵ ਕੇਵਲ ਸਦਾਚਾਰਿਕ, ਸਮਾਜਿਕ, ਰਾਜਸੀ ਜਾਂ ਆਤਮਿਕ ਸਥਿਰਤਾ ਨੂੰ ਕਾਇਮ ਕਰਨਾ ਹੀ ਨਹੀਂ ਸੀ, ਭਾਈ ਸਾਹਿਬ ਦੇ ਲਫਜ਼ਾਂ ਅਨੁਕੂਲ ਸਚੇ ਵੈਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸੰਸਾਰ ਰੋਗੀ' ਲਈ 'ਨਾਮ ਦਾਰੂ' ਲਿਆਂਦਾ ਅਤੇ ਧੁਰ ਦਰਗਾਹੋਂ ਬਾਰਗਾਹੇ ਏਜ਼ਦੀ ਤੋਂ ਲਿਆਂਦਾ।

ਗੁਰੂ ਬਾਬੇ ਨੇ ਨਾਮ ਦਾ ਫਲਸਫਾ ਖਿਲੇਰਿਆ, ਚੂੰਕਿ, ਭਾਈ ਸਾਹਿਬ ਦੇ ਲਫ਼ਜ਼ਾਂ ਅਨੁਕੂਲ 'ਨਾਮ ਕਮਾਈ ਬਿਨਾਂ ਸੰਸਾਰ ਸੁਧਾਰ ਵਾਲੀਆਂ ਬਿਵਹਾਰ ਸੁਧਾਰ, ਅਚਾਰ ਸੁਧਾਰ, ਸੇਵਾ ਉਪਕਾਰ ਦੀਆਂ ਭਾਵੇਂ ਕਿਤਨੀਆਂ ਸਭਾ ਸੁਸਾਇਟੀਆਂ ਬਣਦੀਆਂ ਫਿਰਨ, ਸਭ ਹਉਮੈ ਦਾ ਪਸਾਰਾ ਹੀ ਹੈ।' ਜੇ ਗੁਰੂ ਬਾਬੇ ਦੇ ਫਲਸਫੇ ਦਾ ਮੂਲ ਮੰਤਵ ਜੇ ਸਮਾਜਿਕ, ਆਤਮਿਕ ਜਾਂ ਸਰੀਰਕ ਸਥਿਰਤਾ ਕਾਇਮ ਕਰਨਾ ਸੀ ਤਾਂ ਇਸ ਸਥਿਰਤਾ ਨੂੰ ਸਥਾਈ ਬੁਨਿਆਦ ਦੇਣ ਲਈ ਹਉਮੈ ਦੇ ਸੁਭਾਵ ਦਾ ਅੰਤ ਕਰਨਾ ਬਹੁਤ ਜ਼ਰੂਰੀ ਸੀ। ਗੁਰੂ ਬਾਬੇ ਦੇ ਫਲਸਫੇ ਨੇ ਅਨੁਭਵ ਕੀਤਾ ਹਉਮੈ ਸ਼ੈਤਾਨ ਨੂੰ ਜਨਮ ਦੇ ਕੇ ਫਿਰ ਸਥਿਰਤ ਅਸਥਿਰਤਾ 'ਚ ਬਦਲ ਦੇਂਦੀ ਏ। ਤੇ ਜੇ ਫਿਰ ਸਥਿਰਤਾ ਅਸਥਿਰਤਾ ਵਿਚ ਬਦਲ ਜਾਵੇ ਤਾਂ ਅਜੇਹੀ ਫਿਲਾਸਫੀ ਫਿਰ ਕੁਛ ਸਮਾਂ ਪਾ ਨਿਕਾਰੀ ਹੋ ਜਾਂਦੀ ਏ ਤੇ ਨਾਲੇ ਗੁਰੂ ਬਾਬੇ ਦੇ ਫਲਸਫੇ ਦਾ ਅੰਤਰੀਵ ਪਖ ਕੇਵਲ ਇਹ ਨਹੀਂ ਸੀ ਕਿ ਲੋਕਾਂ ਨੂੰ ਕੇਵਲ ਦੁਨਿਆਵੀ ਹਚਕੋਲਿਆਂ ਵਿਚੋਂ ਹੀ ਕਢਿਆ ਜਾਵੇ ਬਲਕਿ ਗੁਰੂ ਬਾਬੇ ਦੇ ਫਲਸਫੇ ਦਾ ਮੂਲ ਅਨੁਭਵ ਇਹ ਸੀ ਕਿ ਪਖੰਡ, ਲੋਕਾਚਾਰੀ, ਜ਼ੁਲਮ ਤੇ ਜਬਰ ਨੂੰ ਪ੍ਰੇਮ, ਉਪਕਾਰ, ਸ਼ਾਂਤੀ ਤੇ ਧੀਰਜ 'ਚ ਬਦਲ ਕਿਸੇ ਅਨਹਦ-ਗਗਨ-ਦੁਆਰ ਦਾ ਨਿਰਾਲਾ ਖੰਡੇਧਾ ਅਨਭਉ ਮਾਰਗ ਦਰਸਾਇਆ ਜਾਵੇ ਜੋ ਮਨੁਖ ਮਾਤਰ ਤੇ ਇਸ ਤੋਂ ਬਾਅਦ ਵੀ ਸਹਾਈ ਹੋਵੇ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸ਼ਾਇਦ ਆਪਣੀ ਫਿਲਾਸਫੀ ਨੂੰ ਵਾਰ-ਰੂਪ 'ਚ ਪੇਸ਼ ਕਰ ਗੁਰੂ ਨਾਨਕ ਨੂੰ ਅਜੇਹੀ ਅਨੂਪ ਆਤਮਾ ਦਰਸਾਇਆ ਜਿਸਨੇ 'ਘਰ ਘਰ ਅੰਦਰਿ ਧਰਮਸਾਲ' ਜਾਂ 'ਹੋਵੈ ਕੀਰਤਨ ਸਦਾ ਵਸੋਆ' ਦਾ ਨਿਰਾਲਾ ਮਾਰਗ ਆਰੰਭਿਆ ਤੇ ਪਖੰਡ, ਜਬਰ, ਜ਼ੋਰ, ਜ਼ੁਲਮ ਝੂਠ ਤੇ ਕੁਫਰ ਦੇ ਕੁਸੁਧ ਮਾਰਗ ਤੇ ਸੁਧਾਰਵਾ ਦੀ ਲਕੀਰ ਫੇਰੀ।

ਸੋ ਨਤੀਜੇ ਵਜੋਂ ਸਤਿਗੁਰ ਨਾਨਕ ਨੇ ਜਗਤ ਦੀ ਪੈਜ ਰਖੀ. ਜਗਤ 'ਚ ਠੰਡ ਵਰਤਾਈ। ਭਾਈ ਨੰਦ ਲਾਲ ਜੀ ਦੀ ਕਲਮ ਅਨੁਕੂਲ ਅਕਾਲ ਪੁਰ ਨੇ ਆਪ ਦਸਿਆ ਹੈ ਕਿ ਗੁਰੂ ਨਾਨਕ ਸਾਰੇ ਸੰਸਾ ਦਾ ਗੁਰੂ ਹੈ ਯਥਾ :—

"ਹਕੱਸ ਗਫ਼ਤ ਖ਼ੁਦ ਮੁਰਸਿਦਉਲ ਆਲਸੀ ॥
ਨਿਜਾਤੁ ਉਲ ਵਰਾ ਰਹਮਤਉਲ ਮੁਜ਼ ਨਬੀ ॥"

ਅਰਥਾਤ ਗੁਰੂ ਨਾਨਕ ਜੀ ਦੀ ਆਤਮਾ ਉ ਹਨੇਰੇ ਰਸਤਿਆਂ ਲਈ ਚਾਨਣ ਸੀ ਜਿਨ੍ਹਾਂ ਤੋ ਭਵਿਖ ਦੇ ਬਾਦਸ਼ਾਹ ਨੇ ਕ੍ਰਾਂਤੀ ਦੀ ਫੌਜ ਲੈ ਕੇ ਲੰਘਣਾ ਸੀ ਤੇ ਜਿਨ੍ਹਾਂ ਰਸਤਿਆਂ ਨੇ ਗੁਰੂ ਬਾਬੇ ਦੇ ਫਲਸਫੇ ਤੋਂ ਚਾਨਣ ਲੈ ਕਿਸੇ ਨਵੀਂ ਜ਼ਿੰਦਗੀ ਦੇ ਸੁਨਹਿਰੀ ਕਲਪਨਾਵਾਂ ਨੂੰ ਸਾਂਝ ਦੇਣੀ ਸੀ।

ਸੋ ਗੁਰੂ ਨਾਨਕ ਦਾ ਫ਼ਲਸਫ਼ਾ ਉਹ ਨਿਚੋੜ ਸਾਬਤ ਕਰਦਾ ਏ, ਕਿ ਧਰਮ, ਕਰਮ, ਨੇਮ, ਸੁਚ ਸੰਜਮ ਪਰਉਪਕਾਰ ਨੇਕੀ ਆਦਿ ਸਭ ਗੁਰ ਆਪਣੇ ਅਨਭਉ ਅਭਿਆਸ 'ਚ ਸਮੇਟ ਲਵੇ ਤੇ ਜਿਹਾ ਫਲ ਸਰੂਪ ਅਮ ਮਨੁਖੀ ਸੁਭਾਵਾਂ 'ਚ ਅਜੇਹੀ ਮਹਿਕ ਫੈਲੇ ਕਿ ਉਹ ਘਰ ਬੈਠੇ ਹੀ ਰਾਜ ਭੋਗ ਦੀ ਪ੍ਰਾਪਤੀ ਕਰ ਸਕਣ। ਗੁਰੂ ਬਾਬੇ ਦਾ ਫਲਸਫ਼ਾ ਬਾਬੇ ਦਾ ਸ਼ਬਦ ਸੀ ਤੇ ਸ਼ਾਇਦ ਭਾਈ ਨੰਦ ਲਾਲ ਠੀਕ ਹੀ ਆਖ ਸਕਿਆ ਏ:

'ਗੁਰੂ ਨਾਨਕ ਆਮਦ ਨਰਾਇਣ ਸਰੂਪ।
ਹੁਮਾਨ ਨਿਰੰਜਨ ਨਿਰੰਕਾਰ ਰੂਪ।'

www.AKJ.Org

# ਇਤਿਹਾਸ ਗੁਰਦਵਾਰਾ ਨਾਨਕ ਮੱਤਾ

(ਵਲੋਂ—ਗੁਰਦਵਾਰਾ ਕਮੇਟੀ ਨਾਨਕ ਮਤਾ (ਪੀਲੀ ਭੀਤ)

ਇਹ ਗੁਰਦਵਾਰਾ ਸ੍ਰੀ ਨਾਨਕ ਮਤਾ ਉਹ ਪਵਿਤ੍ਰ ਅਸਥਾਨ ਹੈ ਜਿਥੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪਵਿੱਤ੍ਰ ਚਰਨ ਪਾ ਕੇ, ਜੋਗੀਆਂ ਦਾ ਅਹੰਕਾਰ ਦੂਰ ਕਰ ਕੇ ਨਿਰੰਕਾਰ ਦੇ ਲੜ ਲਾਇਆ। ਨੈਨੀਤਾਲ, ਪੀਲੀ ਭੀਤ ਦੇ ਇਹਨਾਂ ਭਿਆਨਕ ਤੇ ਸੰਘਣੇ ਜੰਗਲਾਂ ਵਿਚ ਜੋਗੀਆਂ ਨੇ ਇਕ ਬੜਾ ਭਾਰੀ ਗੜ੍ਹ ਕਾਇਮ ਕੀਤਾ ਹੋਇਆ ਸੀ। ਜਿਸ ਦਾ ਨਾਮ ਗੋਰਖ ਮਤਾ ਸੀ। ਸੰਮਤ ੧੫੬੬ ਬਿਕ੍ਰਮੀ ਉਤਰਾ ਖੰਡ ਦੀ ਉਦਾਸੀ ਵੇਲੇ, ਅਨੇਕਾਂ ਜੀਵਾਂ ਦਾ ਉਧਾਰ ਕਰਦੇ ਹੋਏ ਸਤਿਗੁਰੂ ਜੀ ਬਾਲਾ ਮਰਦਾਨਾ ਸਮੇਤ ਇਥੇ ਪੁਜੇ। ਜੋਗੀ ਸਤਿਗੁਰੂ ਜੀ ਨੂੰ ਵੇਖ ਕੇ ਬੜੇ ਹੈਰਾਨ ਹੋਏ। ਗੁਰੂ ਸਾਹਿਬ ਇਕ ਸੁਕੇ ਪਿੱਪਲ ਹੇਠ ਬੈਠ ਗਏ। ਆਪ ਜੀ ਦੀ ਚਰਨ ਛੋਹ ਨੂੰ ਪ੍ਰਾਪਤ ਕਰ ਕੇ ਸੁਕਾ ਪਿੱਪਲ ਹਰਾ ਭਰਾ ਹੋ ਗਿਆ।

## ਧੂਣੀ ਬਾਲਣੀ

ਰਾਤ ਦਾ ਸਮਾਂ ਆ ਗਿਆ। ਸਰਦੀ ਸਖਤ ਪੈ ਰਹੀ ਸੀ। ਧੂਣੀ ਬਾਲਣ ਲਈ ਜਦ ਬਾਲਾ ਜੀ ਸਿਧਾਂ ਪਾਸੋਂ ਅੱਗ ਲੈਣ ਗਏ ਤਾਂ ਸਿਧਾਂ ਨੇ ਈਰਖਾ ਵਿਚ ਆ ਕੇ ਭਾ: ਬਾਲਾ ਜੀ ਨੂੰ ਅਗ ਨਾ ਦਿਤੀ ਤੇ ਆਖਿਆ ਜੇ ਤੇਰਾ ਗੁਰੂ ਏਡੀ ਕਰਾਮਾਤ ਵਾਲਾ ਹੈ ਤਾਂ ਆਪ ਹੀ ਕਿਉਂ ਨਹੀਂ ਅਗ ਬਾਲ ਲੈਂਦਾ। ਅਗਨੀ ਕੀ ਸਾਰਾ ਬ੍ਰਹਿਮੰਡ ਹੀ ਕਾਰ ਕਮਾ ਰਿਹਾ ਸੀ। ਉਸ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਬੜੀ ਵਡੀ ਧੂਣੀ ਲਟ ਲਟ ਬਲਣ ਲਗ ਪਈ। ਐਸਾ ਕੁਦਰਤ ਦਾ ਭਾਣਾ ਵਰਤਿਆ ਜੋ ਬੜੇ ਜ਼ੋਰ ਦਾ ਝੱਖੜ ਝੁਲਿਆ, ਅੰਧੇਰੀ ਦੇ ਨਾਲ ਮੋਹਲੇਧਾਰ ਵਰਖਾ ਵੀ ਪੈਣ ਲਗ ਪਈ। ਜੋਗੀਆਂ ਦੀਆਂ ਸਾਰੀਆਂ ਧੂਣੀਆਂ ਬੁਝ ਗਈਆਂ। ਕੇਵਲ ਗੁਰੂ ਬਾਬਾ ਦੀ ਧੂਣੀ ਹੀ ਰਹੀ।

ਪਾਲੇ ਨਾਲ ਠੁਰੂ ਠੁਰੂ ਕਰਦੇ ਸਿਧ ਸ਼ਰਮਿੰਦੇ ਹੋਇ ਗੁਰੂ ਜੀ ਪਾਸ ਆਏ। ਆਪਣੇ ਗੁਰੂ ਗੋਰਖ ਦੀਆਂ ਮੁੰਦ੍ਰਾਂ ਤੇ ਪਊਏ ਸਤਿਗੁਰੂ ਜੀ ਪਾਸ ਗਿਰਵੀ ਰਖਕੇ ਸਿਧਾਂ ਅਗ ਲੈਕੇ ਧੂਣੀ ਬਾਲੀ ਤੇ ਰਾਤ ਕੱਟੀ। ਦਿਨ ਚੜ੍ਹੇ ਸਾਰੇ ਸਿਧ ਇਕਠੇ ਹੋਕੇ ਸਤਿਗੁਰੂ ਜੀ ਨਾਲ ਗੋਸ਼ਟ ਕਰਨ ਲਈ ਆ ਜੁੜੇ।

## ਸੁਕਾ ਪਿਪਲ ਹਰਾ ਕੀਤਾ

ਜਿਸ ਪਿੱਪਲ ਦੇ ਦਰੱਖਤ ਨੀਚੇ ਸਤਿਗੁਰੂ ਜੀ ਬੈਠੇ ਸਨ ਜੋ ਗੁਰੂ ਚਰਨ ਛੋਹ ਨਾਲ ਹਰਾ ਭਰਾ ਹੋ ਗਿਆ ਸੀ, ਸਿਧਾਂ ਨੇ ਆਪਣੀ ਕਰਾਮਾਤ ਨਾਲ ਅਕਾਸ਼ ਵਿਚ ਉਡਾਣਾ ਚਾਹਿਆ। ਜਿਸ ਵੇਲੇ ਪਿੱਪਲ ਦੀਆਂ ਜੜ੍ਹਾਂ ਪੰਜ ਛੇ ਫੁਟ ਜ਼ਮੀਨ ਤੋਂ ਬਾਹਰ ਨਿਕਲ ਆਈਆਂ ਤਾਂ ਸਤਿਗੁਰੂ ਜੀ ਨੇ ਆਪਣਾ ਪਵਿੱਤ੍ਰ ਹਥ ਲਾਕੇ ਉਸਨੂੰ ਉਥੇ ਹੀ ਰੋਕ ਲਿਆ।

ਇਸ ਪਿਪਲ ਵਾਲੀ ਜਗਾ ਨੂੰ ਯੂ: ਪੀ. ਦੇ ਪੁਰਾਣੇ ਵਸਨੀਕ ਸ੍ਰੀ ਪੰਜਾ ਜੀ ਦੇ ਨਾਮ ਨਾਲ ਯਾਦ ਕਰਦੇ ਹਨ ਤੇ ਪੰਜਾ ਜੀ ਦੀ "ਜੈ" ਬੁਲਾਉਂਦੇ ਹਨ।

ਸਿਧ ਅਗੇ ਭੀ ਸੁਮੇਰ ਪ੍ਰਬਤ ਤੇ ਸਤਿਗੁਰੂ ਜੀ ਨਾਲ ਗੋਸ਼ਟ ਕਰ ਕੇ, ਕਰਾਮਾਤਾਂ ਦਿਖਾ ਕੇ ਹਾਰ ਚੁਕੇ ਹਨ ਹੁਣ ਫ਼ਿਰ ਤਮਕ ਖਾ ਕੇ, ਕਿਸੇ ਨੇ

www.AKJ.Org

ਤੂੰਬਾ, ਕਿਸੇ ਨੇ ਫਤੂਆ, ਮੁੰਦ੍ਰਾ, ਮ੍ਰਿਗਾਣੀ, ਆਸਣ ਖਿੰਥਾ ਵਗੈਰਾ ਆਕਾਸ਼ ਵਿਚ ਉਡਾਇਆ। ਅਸਮਾਨ ਵਿਚ ਲਗੀਆਂ ਫਿਰਨ। ਸਤਿਗੁਰੂ ਜੀ ਚੁਪ ਕਰਕੇ ਬੈਠੇ ਰਹੇ। ਭੰਗਰ ਨਾਥ ਵਗੈਰਾ ਹੰਕਾਰੀ ਜੋਗੀ ਮਸਖਰੀ ਕਰਕੇ ਲਗੇ ਤਾੜੀ ਮਾਰਨ। ਮਰਦਾਨਾ ਜੀ ਦੀ ਬੇਨਤੀ ਕਰਨ ਤੇ ਸਤਿਗੁਰੂ ਜੀ ਨੇ ਆਪਣੀ ਕਉਸ ਖੜਾਉਂ ਨੂੰ ਹੁਕਮ ਕੀਤਾ ਜੋ ਇਹਨਾਂ ਸਿਧਾਂ ਦਾ ਹੰਕਾਰ ਦੂਰ ਕਰ। ਬਾਬਾ ਜੀ ਦ ਚਰਨਾਂ ਦੀ ਖੜਾਉਂ ਅਕਾਸ਼ ਵਿਚ ਸਭ ਤੋਂ ਉਚੀ ਉਡ ਕੇ ਸਾਰਿਆਂ ਦੇ ਸਿਰ ਵਿਚ ਲਗੀ ਕਾੜ ੨ ਵਜਣ। ਸਭ ਤੂੰਬੇ, ਫਤੂਏ, ਮ੍ਰਿਗਾਣੀ, ਮੁੰਦਰਾ ਵਗੈਰਾ ਸਤਿਗੁਰੂ ਜੀ ਦੇ ਚਰਨਾਂ ਵਿਚ ਲਿਆ ਸੁਟੇ। ਤਵਾਰੀਖ ਖਾਲਸਾ ਵਿਚ ਗਿ: ਗਿਆਨ ਸਿੰਘ ਜੀ ਲਿਖਦੇ ਹਨ:—

ਤਾਂ ਬਾਬੇ ਜੀ ਕਉਸ ਉਡਾਈ।
ਦੇਖ ਸਿਧਿ ਰਹਿ ਗਏ ਬਿਸਮਾਈ।
ਮ੍ਰਿਗਾਣੀ ਸਿੰਙੀ ਸਭ ਹਾਰੀ।
ਸਭ ਪਰ ਖੜਾਉ ਕਰੀ ਅਸਵਾਰੀ।
ਫਤੂਏ, ਮੁੰਦ੍ਰ, ਖਿੰਥਾ, ਤੂੰਬੇ।
ਸਭ ਹੀ ਮਾਰ ਉਤਾਰੇ ਭੂਮੇ।
ਮਾਰ ਮਾਰ ਸਿਧ ਕੀਏ ਫਾਵੇ।
ਟਾਰੀ ਟਰੈ ਨ ਕਰ ਮੈਂ ਆਵੈ।
ਗੋਪੀ ਚੰਦ ਪੁਨ ਮੰਗਲ ਨਾਥ।
ਬਾਬੇ ਆਗੇ ਜੋਰੇ ਹਾਥ।
ਤਬ ਬਾਬੇ ਨੇ ਕਉਸ ਨਿਵਾਰੀ।
ਖਿਰੀ ਆਇ ਗੁਰ ਚਰਨ ਅਗਾਰੀ।

(ਤਵਾਰੀਖ ਖਾਲਸਾ)

ਇਸ ਵਿਚ ਕੋਈ ਸ਼ਕ ਨਹੀਂ ਕਿ ਲੋਹੇ ਨੂੰ ਲੋਹਾ ਹੀ ਕਟਦਾ ਹੈ, ਰੇਸ਼ਮ ਨਹੀਂ ਕਟਦਾ। ਸਤਿਗੁਰੂ ਜੀ ਨੇ ਆਪਣੀ ਆਤਮਕ ਸ਼ਕਤੀ ਨਾਲ ਸਿਧਾਂ ਦਾ ਹੰਕਾਰ ਦੂਰ ਕੀਤਾ। ਪਰੰਤੂ ਗੁਰੂ ਘਰ ਵਿਚ ਕਰਾਮਾਤ ਨੂੰ ਕੋਈ ਖਾਸ ਵਿਸ਼ੇਸ਼ਤਾ ਨਹੀਂ ਦਿਤੀ ਗਈ। 'ਰਿਧ ਸਿਧ ਅਵਰਾ ਸਾਦ' ਰਿਧੀਆਂ ਸਿਧੀਆਂ ਨੂੰ ਵਾਧੂ ਦਾ ਸੁਆਦ ਵਰਨਣ ਕੀਤਾ ਹੈ।

ਰਬ ਦੇ ਪਿਆਰੇ ਇਨ੍ਹਾਂ ਸਿਧੀਆਂ ਵਿਚ
ਅਟਕਦੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ
ਵਿਚ ਗੁਰਮਤ ਦੇ ਮਹਾਂ ਉਚ ਸਿਧਾਂਤ
ਵਰਨਣ ਕੀਤਾ ਹੈ।

ਮੋਤੀ ਤ ਮੰਦਰ ਊਸਰਹਿ ਰਤਨੀ ਤਾਂ
ਜੜਾਉ। ਕਸਤੂਰ ਕੁੰਗੂ ਅਗਰ ਚੰਦਨ
ਆਵੈ ਚਾਉ। ਮਤ ਦੇਖ ਭੂਲਾ ਵੀਸਰੈ ਤੇਰਾ
ਨ ਆਵੈ ਨਾਉ॥

ਨਾਮ ਤੋਂ ਬਿਨਾਂ ਧੰਨ ਦੌਲਤ ਸਿਧੀ ਭੀ
ਤੋਂ ਭੁਲਾਉਣ ਵਾਲੀ ਹੈ। ਦੂਸਰੀ ਸਿਧੀ ਚੋ
ਮਾਇਆ ਇਸਤ੍ਰੀ ਹੈ:—

ਧਰਤੀ ਤ ਹੀਰੇ ਲਾਲ ਲਤੜੀ ਪ
ਜੜਾਉ। ਮੋਹਣੀ ਮੁਖ ਮਣੀ ਸੋਹੈ ਕਰੈ ਰੰਗ ਪਸ
ਮਤ ਦੇਖ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨ

ਬੜੇ ਬੜੇ ਰਿਸ਼ੀ ਮੁਨੀ ਜੋਗੀ ਜੋ ਜੜ੍ਹ ਮਾਇਆ
ਤਿਆਗ ਕਰ ਦਿੰਦੇ ਹਨ ਪ੍ਰੰਤੂ ਇਸਤ੍ਰੀ ਆ
ਤੋਂ ਨਹੀਂ ਬਚ ਸਕਦੇ। ਨਾਮ ਤੋਂ ਬਿਨਾਂ ਇਹ
ਭੀ ਵਿਅਰਥ ਹੈ।

ਸਿਧ ਹੋਵਾ ਸਿਧ ਲਾਈ ਰਿਧ ਆਖਾ ਆ
ਗੁਪਤ ਪ੍ਰਗਟ ਹੋਇ ਬੈਸਾ ਲੋਕ ਰਾਖੈ ਭਾਉ।
ਦੇਖ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ॥

ਨੌ ਨਿਧੀਆਂ, ਅਠਾਰਾਂ ਸਿਧੀਆਂ
ਸ਼ਾਸਤਰਾਂ ਵਿਚ ਵਰਣਨ ਕੀਤਾ ਹੋਇਆ ਹੈ
ਮਨ ਦੀ ਇਕਾਗਰਤਾ ਕਰ ਕੇ ਇਹ ਕਰਾਮ
ਸ਼ਕਤੀ ਪ੍ਰਾਪਤ ਹੋ ਜਾਂਦੀ ਹੈ। ਜਿਵੇਂ ਕਿ ਜ
ਲੋਗ ਤਪ ਕਰਕੇ ਕਰਾਮਾਤ ਸਿਧੀ ਨੂੰ ਪ੍ਰਾਪਤ ਕ
ਹੰਕਾਰ ਵਿਚ ਕਰਾਮਾਤੀ ਰਸ ਵਿਚ ਹੀ ਭੁਲੇ
ਸਨ। ਸਤਿਗੁਰ ਜੀ ਨੇ ਇਸ ਨੂੰ ਭੀ
ਚਰਨਾਂ ਤੋਂ ਭੁਲਾਣ ਵਾਲਾ ਮਾਇਆ ਵੀ ਜਾਲ
ਦਸਿਆ ਹੈ।

ਰਾਜ ਨੂੰ ਪ੍ਰਾਪਤ ਕਰ ਕੇ ਹੁਕਮ ਵਿਚ ਸ
ਸ੍ਰਿਸ਼ਟੀ ਨੂੰ ਚਲਾ ਕੇ ਮਾਣ ਪ੍ਰਾਪਤ ਭੀ ਕਰ ਲਿ
ਜਾਵੇ ਤਾਂ ਇਹ ਰਸ ਭੀ ਨਿਕੰਮਾ ਹੀ ਹੈ:—

www.AKJ.org

ਸੁਲਤਾਨ ਹੋਵਾ ਮੇਲ ਲਸ਼ਕਰ ਤਖਤ ਰਾਖਾ ਪਾਉ। ਹੁਕਮ ਹਾਸਲ ਕਰੀ ਬੈਠਾ ਨਾਨਕਾ ਸਭ ਵਾਉ। ਮਤ ਦੇਖ ਭੂਲਾ ਵੀਸਰੈ ਤੇਰਾ ਚਿਤ ਨਾ ਆਵੈ ਨਾਉ। (ਸ੍ਰੀ ਰਾਗ ਮਹਲਾ ੧)

ਨਾਮ ਤੋਂ ਬਿਨਾਂ ਉਪਰੋਕਤ ਰਸ, ਸਿਧੀਆਂ ਸਭ ਵਾਉ ਦੁਆਉ ਸਭ ਵਿਅਰਥ ਹੀ ਹਨ। ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸਭ ਤੋਂ ਵਡੀ ਕਰਾਮਾਤ 'ਗੁਰਸੰਗਤ ਬਾਣੀ ਬਿਨਾ ਹੋਰ ਕੋਈ ਓਟ ਨਹੀਂ ਹੈ' ਨੇਕ ਬੰਦਿਆਂ ਦੀ ਸੰਗਤ ਤੇ ਗੁਰਬਾਣੀ ਜੁਗੋ ਜੁਗ ਜੀਵਾਂ ਨੂੰ ਰੌਸ਼ਨੀ ਦੇਂਦੀ ਰਹੇਗੀ।

## ਫਹੁੜੀ ਗੰਗਾ

ਸਿਧਾਂ ਨੇ ਆਪਣੀ ਸ਼ਕਤੀ ਨਾਲ ਖੂਹਾਂ ਚੋਂ ਜਲ ਸੁਕਾ ਦਿਤਾ ਤੇ ਆਖਿਆ ਮਹਾਰਾਜ ਜਲ ਕਿਤੇ ਨਹੀਂ ਮਿਲਦਾ ਹੈ ਆਪ ਕ੍ਰਿਪਾ ਕਰ ਕੇ ਜਲ ਦੇ ਖੁਲੇ ਇਸ਼ਨਾਨ ਕਰਾਉ। ਸਤਿਗੁਰੂ ਜੀ ਨੇ ਫਹੁੜੀ ਦੇ ਕੇ ਮਰਦਾਨਾ ਜੀ ਨੂੰ ਗੰਗਾ ਨਦੀ ਤੇ ਭੇਜਿਆ, ਹੁਕਮ ਕੀਤਾ ਗੰਗਾ ਜੀ ਤੋਂ ਲਕੀਰ ਖਿਚਦਾ ਚਲਾ ਆ, ਗੰਗਾ ਜੀ ਪਿਛੇ ਚਲੀ ਆਵੇਗੀ ਪਰ ਪਿਛੇ ਮੁੜ ਕੇ ਨਾਂ ਤਕੀਂ। ਜਿਸ ਵੇਲੇ ਮਰਦਾਨਾ ਜੀ ਮਹਾਰਾਜ ਦੇ ਆਸਨ ਤੋਂ ਦੋ ਕੁ ਫਰਲਾਂਗ ਰਹਿ ਗਏ ਤਾਂ ਪਿਛੇ ਮੁੜ ਕੇ ਤਕਿਆ ਤਾਂ ਜਲ ਦਾ ਪ੍ਰਵਾਹ ਚਲਿਆ ਆਏ ਪਰ ਪਿਛਾਂਹ ਤਕਣ ਕਰਕੇ ਉਥੇ ਹੀ ਰੁਕ ਗਿਆ। ਮਰਦਾਨੇ ਆ ਕੇ ਸਾਰਾ ਹਾਲ ਦਸਿਆ। ਸਤਿਗੁਰੂ ਜੀ ਹਸ ਕੇ ਸਿਧਾਂ ਨੂੰ ਆਖਿਆ, ਸਿਧੋ! ਇਥੋਂ ਤਕ ਤਾਂ ਏਡੀ ਦੂਰੋਂ ਤਾਂ ਸਾਡਾ ਕੀਰਤਨੀਆ ਭਾਈ ਮਰਦਾਨਾ ਗੰਗਾ ਪ੍ਰਵਾਹ ਨੂੰ ਲੈ ਆਇਆ ਹੈ ਹੁਣ ਤੁਸੀਂ ਆਪਣੀ ਕਰਾਮਾਤ ਨਾਲ ਗੰਗਾ ਜੀ ਅਗੇ ਸਦ ਲਉ। ਸਿਧਾਂ ਨੇ ਬੜਾ ਜ਼ੋਰ ਲਾਇਆ ਪਰ ਸ਼ਰਮਿੰਦੇ ਹੋ ਕੇ ਬੈਠ ਗਏ।

ਸਤਿਗੁਰੂ ਜੀ ਹਸ ਕੇ ਕਹਿਣ ਲਗੇ, ਸਿਧੋ! ਗੰਗਾ ਜੀ ਤਾਂ ਹੁਣ ਉਥੇ ਹੀ ਰਹੇਗੀ ਪ੍ਰੰਤੂ ਦੇਖੋ ਖੂਹ ਵਿਚ ਜਲ ਆ ਗਿਆ ਹੈ। ਸਚ ਮੁਚ ਜਦ ਸਿਧਾਂ ਨੇ ਤਕਿਆ ਖੂਹ ਜਲ ਨਾਲ ਭਰਪੂਰ ਹੋਇਆ ਸੀ। ਸਿਧਾਂ ਨੇ ਜਲ ਛਕਿਆ, ਇਸ਼ਨਾਨ ਕੀਤਾ। ਉਹ ਪਵਿਤ੍ਰ ਖੂਹ, (ਪਿਪਲ ਸਾਹਿਬ) ਅਤੇ ਫਹੁੜੀ ਗੰਗਾ ਜੋ ਅਜ ਕਲ ਨਾਨਕ ਸਾਗਰ ਵਿਚ ਮਿਲ ਚੁਕੀ ਹੈ, ਸਤਿਗੁਰੂ ਜੀ ਦੀਆਂ ਪਾਵਨ, ਜਿਤਾਂ ਦੀ ਪ੍ਰਤੱਖ ਨਿਸ਼ਾਨੀ ਹੈ। ਇਹ ਥਾਂ ਹੁਣ ਨਾਨਕ ਸਾਗਰ ਵਿਚ ਬਾਉਲੀ ਬਣੀ ਹੋਈ ਹੈ ਤੇ ਨਾਨਕ ਸਾਗਰ ਦੇ ਕੰਢੇ ਤੋਂ ਪੁਲ ਰਾਹੀਂ ਮਿਲੀ ਹੋਈ ਹੈ।

## ਧਰਤੀ ਵਿਚੋਂ ਅਵਾਜ਼

ਸਰਲ ਤੇ ਸਾਫ਼ ਮਨਾਂ ਵਾਲੇ, ਭਰਤਰੀ, ਗੋਪੀ ਚੰਦ, ਮੰਗਲ ਨਾਥ ਵਗੈਰਾ ਨੇ ਮਹਾਰਾਜ ਜੀ ਦੇ ਚਰਨਾਂ ਤੇ ਮਥਾ ਟੇਕਿਆ। ਪਰ ਹੰਕਾਰੀ ਤੇ ਈਰਖਾਲੂ ਮਨਾਂ ਵਾਲੇ ਸਿਧਾਂ ਨੇ ਮਿਲ ਕੇ ਇਕ ਪਾਖੰਡ ਰਚਿਆ। ਜ਼ਮੀਨ ਵਿਚ ਟੋਆ ਪੁਟ ਉਸ ਵਿਚ ਆਪਣਾ ਇਕ ਬਾਲਕਾ ਬਿਠਾ ਦਿਤਾ ਉਪਰੋਂ ਜ਼ਮੀਨ ਨੂੰ ਇਕਸਾਰ ਕਰਕੇ ਕਪਟ ਨਾਲ ਅੰਤਰਜਾਮੀ ਸਤਿਗੁਰੂ ਜੀ ਨੂੰ ਕਹਿਣ ਲਗੇ, ਮਹਾਰਾਜ ਜੀ ਇਹ ਅਸਥਾਨ ਸਦੀਆਂ ਤੋਂ ਗੋਰਖ ਮਤਾ ਕਹਿਲਾਂਦਾ ਹੈ। ਇਹ ਧਰਤੀ ਜੋਗੀਆਂ ਸਿਧਾਂ ਦੀ ਹੈ। ਇਥੇ ਗੋਰਖ ਮਤ ਦਾ ਝੰਡਾ ਝੂਲਦਾ ਹੈ। ਤੁਹਾਡੇ ਲਈ ਇਥੇ ਜਗਾ ਨਹੀਂ। ਚੋਜੀ ਸਤਿਗੁਰੂ ਜੀ ਮੁਸਕਰਾਏ ਤੇ ਹਸ ਕੇ ਕਹਿਣ ਲਗੇ ਸਿਧੋ! ਧਰਤੀ ਤਾਂ ਸਾਰੀ ਨਿਰੰਕਾਰ ਜੀ ਦੀ ਹੈ ਤੁਸੀਂ ਕਦੋਂ ਕੁ ਦੇ ਮਾਲਕ ਹੋ? ਸਿਧਾਂ ਨੇ ਉਤਰ ਦਿਤਾ ਮਹਾਰਾਜ ਜੀ ਆਪ ਧਰਤੀ ਨੂੰ ਅਵਾਜ਼ ਦੇ ਕੇ ਪੁਛੋ "ਤੂੰ ਕਿਸ ਦੀ ਏਂ" ਜੋ ਧਰਤੀ ਫੈਸਲਾ ਕਰੇ ਉਸ ਦੀ ਮਲਕੀਅਤ ਨੂੰ ਮੰਨ ਲਿਆ ਜਾਵੇ। ਸਤਿਗੁਰੂ ਜੀ ਹਸਕੇ ਕਹਿਣ ਲਗੇ ਚੰਗਾ ਤੁਸੀਂ ਹੀ ਪੁਛ ਦੇਖੋ।

ਸਿਧ ਆਪਣੇ ਤਾਣੇ ਹੋਏ ਜਾਲ ਵਿਚ ਸਤਿਗੁਰੂ ਜੀ ਨੂੰ ਫਸਿਆ ਵੇਖ ਕੇ ਬਹੁਤ ਖੁਸ਼ ਹੋਏ ਤੇ ਉਚੀ ਅਵਾਜ਼ ਦੇ ਕੇ ਪੁਛਿਆ :—

"ਧਰਤੀਏ ਤੂੰ ਕਿਸਦੀ ਏਂ" ਉਹ ਲੜਕਾ ਜੋ


www.AKJ.Org

ਪਹਿਲੇ ਹੀ ਤਰੀਕੇ ਨਾਲ ਜ਼ਮੀਨ ਵਿਚ ਦਬਿਆ ਹੋਇਆ ਸੀ ਕਹਿਣ ਲਗਾ 'ਮੈਂ ਸਿਧਾਂ ਦੀ' ਦੂਸਰੀ ਵੇਰ ਫਿਰ ਸਿਧਾਂ ਨੇ ਪੁਛਿਆ ਧਰਤੀ ਮਾਤਾ ਤੂੰ ਕਿਸਦੀ ਏਂ, ਨਾਨਕ ਦੀ ਜਾਂ ਗੋਰਖ ਦੀ! ਅਵਾਜ਼ ਆਈ ਮੈਂ ਗੋਰਖ ਦੀ। ਸਤਿਗੁਰੂ ਜੀ ਹਸ ਕੇ ਕਹਿਣ ਲਗੇ 'ਉਇ ਅਜੇ ਤੂੰ ਬੋਲੀ ਹੀ ਜਾਂਦਾ ਏਂ' ਗੁਰੂ ਦੇਵ ਜੀ ਦੇ ਹੁਕਮ ਕਰਨ ਦੀ ਢਿਲ ਸੀ ਲੜਕੇ ਦਾ ਦਮ ਘੁਟ ਗਿਆ। ਤੀਜੀ ਵੇਰ ਜਦ ਸਿਧਾਂ ਨੇ ਪੁਛਿਆ ਇਹ ਕਿਸ ਦਾ ਅਸਥਾਨ ਏ ਤਾਂ ਬੜੇ ਜ਼ੋਰ ਦਾ ਗੰਭੀਰ ਨਾਦ ਹੋਇਆ ਤਿੰਨ ਵੇਰ ਆਵਾਜ਼ ਆਈ 'ਨਾਨਕ ਮਤਾ' ਨਾਨਕ ਮਤਾ', ਸਿਧ ਚਰਨਾਂ ਤੇ ਢਹਿ ਪਏ। "ਸਿਧ ਆਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ"। ਭਾਈ ਗੁਰਦਾਸ ਜੀ ਸਾਹਿਬ ਗਵਾਹੀ ਭਰਦੇ ਹਨ, ਸਿਧਾਂ ਦੇ ਮਸ਼ਹੂਰ ਅਸਥਾਨਾਂ ਵਿਚੋਂ ਗੋਰਖ ਮਤਾ ਨਾਨਕ ਮਤਾ ਬਣ ਗਿਆ। ਸਿਧਾਂ ਨੇ ਹਥ ਜੋੜਕੇ ਕਿਹਾ 'ਧੰਨ ਨਾਨਕ ਤੇਰੀ ਵਡੀ ਕਮਾਈ'। ਇਸ ਤਰਾਂ ਸਿਧ ਮੰਡਲੀ ਨੂੰ ਸ਼ਬਦ ਦੁਆਰਾ ਜਿਤ ਕੇ ਸਤਿਗੁਰੂ ਜੀ ਨੇ ਸਿਧਾਂ ਦਾ ਹੰਕਾਰ ਦੂਰ ਕੀਤਾ ਤੇ ਨਾਨਕ ਮਤੇ ਦਾ ਇਲਾਹੀ ਨਿਸ਼ਾਨ ਝੁਲਾਇਆ।

## ਪਿੱਪਲ ਦਾ ਸੜਨਾ ਤੇ ਹਰਾ ਹੋਣਾ

ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਵੇਲੇ ਇਕ ਉਦਾਸੀ ਮਹਾਤਮਾ ਬਾਬਾ ਅਲਮਸਤ ਜੀ ਸਤਿਗੁਰੂ ਜੀ ਦੇ ਇਸ ਪਿੱਪਲ ਸਾਹਿਬ ਪਾਸ ਧਰਮਸਾਲਾ ਬਣਾ ਕੇ ਸੇਵਾ ਕਰਦਾ ਸੀ। ਕਈ ਈਰਖਾਲੂ ਕੰਨ ਪਾਟੇ ਜੋਗੀਆਂ ਅੱਗ ਲਾ ਕੇ ਇਹ ਪਿੱਪਲ ਸਾੜ ਦਿਤਾ। ਅਲਮਸਤ ਜੀ ਨੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਦਾ ਧਿਆਨ ਧਰ ਕੇ ਸਮਾਧੀ ਲਾ ਲਈ। ਅੰਨ ਜਲ ਤਿਆਗ ਦਿਤਾ। ਅਰਦਾਸ ਕੀਤੀ ਹੇ ਮੇਰੇ ਸਤਿਗੁਰੂ ਜੀ ਜੇ ਆਪ ਸਚ ਮੁਚ ਹੀ ਛੇਵੇਂ ਗੁਰੂ ਨਾਨਕ ਹੋ ਤਾਂ ਆ ਕੇ ਆਪਣੀ ਇਸ ਨਿਸ਼ਾਨੀ ਦੀ ਰਖਿਆ ਕਰੋ ਅਤੇ ਇਹਨਾਂ ਮੂਰਖਾਂ ਨੂੰ ਦੰਡ ਦੇਵੋ। ਧੰਨ ਧੰਨ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦੇ ਸੌ ਸੂਰਬੀਰ ਸਿਖਾਂ ਦੇ ਘੋੜ ਸਵਾਰ ਜਥੇ ਨਾਲ ਪੀਲੀ ਭੀਤ ਦੇ ਜੰਗਲਾਂ ਵਿਚ ਪੁਜੇ। ਜੋਗੀ ਤਾਂ ਦਲਭੰਜਨ ਗੁਰ ਸੂਰਮੇ ਦਾ ਆਗਮ ਸੁਣ ਕੇ ਹੀ ਭਜ ਗਏ। ਸਾਧੂ ਅਲਮਸਤ ਗੁਰੂ ਦਰਸ਼ਨ ਕਰ ਕੇ ਮਸਤਲੁਮਸਤ ਹੋ ਗਿਆ। ਭੁਜ ਦੰਡ ਬਲੀ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਸ਼ਾਨੀ ਪਿਪਲ ਸਾਹਿਬ ਦੇ ਦਰਸ਼ਨ ਕੀਤੇ, ਨਮਸ਼ਕਾਰ ਕੀਤੀ, ਕਟੋਰੇ ਵਿਚ ਕੇਸਰ ਘੋਲ ਕੇ ਆਪਣੇ ਪਵਿਤ੍ਰ ਕਰ ਕਮਲਾਂ ਨਾਲ ਸੜੇ ਹੋਏ ਪਿਪਲ ਤੇ ਛੱਟੇ ਮਾਰੇ। 'ਸੂਕੇ ਹਰੇ ਕੀਏ ਖਿਨ ਮਾਹਿ' ਪਿਪਲ ਹਰਾ ਭਰਾ ਹੋ ਗਿਆ। ਜੋ ਸਤਿਗੁਰੂ ਦੀ ਪ੍ਰਤੱਖ ਯਾਦ ਦਿਲਾ ਰਿਹਾ ਹੈ।

——o——

**ਜ਼ਰੂਰੀ ਬੇਨਤੀ :—** 'ਸੂਰਾ' ਦੇ ਸੁਹਿਰਦ ਲੇਖਕਾਂ ਪ੍ਰਤੀ ਬੇਨਤੀ ਕੀਤੀ ਜਾਂਦੀ ਹੈ ਕਿ ਅਸੀਂ ਜੋ ਕਵਿਤਾ ਦਾ ਕਾਲਮ ਪਾਠਕਾਂ ਦੀ ਦਿਲਚਸਪੀ ਲਈ ਸ਼ੁਰੂ ਕੀਤਾ ਸੀ, ਉਹ ਕੁਝ ਸਮੇਂ ਲਈ ਬੰਦ ਕਰ ਦਿੱਤਾ ਹੈ, ਕਿਉਂਕਿ ਕਵਿਤਾ ਬਾਰੇ ਸੰਗਤਾਂ ਨੇ ਕੋਈ ਉਤਸ਼ਾਹ ਨਹੀਂ ਬਖਸ਼ਿਆ; ਇਸ ਲਈ ਜਿਨ੍ਹਾਂ ਲੇਖਕ ਵੀਰਾਂ ਦੀਆਂ ਕਵਿਤਾਵਾਂ ਛਪਣੋਂ ਰਹਿ ਗਈਆਂ ਹਨ, ਉਹਨਾਂ ਤੋਂ ਖਿਮਾਂ ਚਾਹੁੰਦੇ ਹਾਂ। ਦਾਸ—ਮੈਨੇਜਰ, 'ਸੂਰਾ'


www.AKJ.Org

# ( ਸਭ ਤੋਂ ਵਡਾ ਸਤਿਗੁਰ ਨਾਨਕ )

( ਬੀਬੀ ਸਤਵੰਤ ਕੌਰ ਜੀ ਡੇਹਰਾਦੂਨ )

ਆਓ ! ਇਹ ਵਿਚਾਰ ਕਰੀਏ ਕਿ ਸਭ ਤੋਂ ਸਾਰੇ ਸੰਸਾਰ ਤੋਂ ਵਡਾ ਸਾਡਾ ਸਤਿਗੁਰੂ ਨਾਨਕ ਹੈ ਬਾਕੀ ਸੰਸਾਰ ਤੇ ਅਜ ਤਕ ਜੋ ਅਵਤਾਰ ਪੀਰ ਪੈਗੰਬਰ ਔਲੀਏ ਆਏ ਓਹਨਾਂ ਦਾ ਨਾਮ ਸਭ ਤੋਂ ਵਡਾ ਕਿਉਂ ਨਹੀਂ ਕਿਹਾ, ਹੋਰ ਕਿਸੇ ਦੇ ਵਾਸਤੇ ਇਹ ਲਫਜ਼ ਕਿਉਂ ਨਹੀਂ ਕਹੇ ਗਏ। ਸੋ ਸ੍ਰੀ ਰਾਮ ਜੀ ਅਵਤਾਰ ਦੁਨੀਆਂ ਤੇ ਆਏ ਅਪਨੇ ਪਹਿਰੇ ਵਿਚ ਜੋ ਕੰਮ ਧੁਰ ਦਰਗਾਹ ਤੋਂ ਓਹਨਾਂ ਦੇ ਹਿਸੇ ਆਏ ਕੀਤੇ ਤੇ ਚਲੇ ਗਏ ਕਰਿਸ਼ਨ ਜੀ ਆਏ ਰਾਮ ਲੀਲਾ ਰਚਾਈ ਕੰਸ ਨੂੰ ਮਾਰਿਆ ਤੇ ਚਲੇ ਗਏ। ਮੁਹੰਮਦ ਸਾਹਿਬ ਹੋਇ ਆਪ ਨੇ ਇਕ ਮੁਸਲਮਾਨ ਕੌਮ ਪੈਦਾ ਕੀਤੀ ਤੇ ਆਪਣੇ ਆਪ ਨੂੰ ਰਸੂਲ ਅਲਾ ਕਹਾ ਕੇ ਚਲੇ ਗਏ ਹੋਰ ਵੀ ਜੋ ਜੋ ਅਵਤਾਰ ਹੋਇ ਸਭ ਅਪਨੀ ਅਪਨੀ ਡਿਊਟੀ ਕਰਕੇ ਚਲੇ ਗਏ ਪਰ ਧੰਨ ਮੇਰਾ ਸਤਿਗੁਰੂ ਨਾਨਕ ਜੀ ਸਭ ਤੋਂ ਵਡਾ ਇਹ ਹੋਇਆ ਕਿ ਲਖਾਂ ਜੀਵਾਂ ਨੂੰ ਤਾਰਿਆ। ਕਰੋੜਾਂ ਦੇ ਤਪਦੇ ਸੀਨੇ ਠਾਰੇ ਜਗਾ ਜਗਾ ਚੜਿਆ ਸੋਧਨ ਧਰਤ ਲੁਕਾਈ ਪਰ ਫੇਰ ਵੀ ਅਪਨੇ ਆਪ ਨੂੰ ਕਦੀ ਵਡਾ ਨਹੀਂ ਕਹਾਇਆ,ਬਲਕਿ ਹਮੇਸ਼ਾਂ ਅਕਾਲਪੁਰਖ ਦਾ ਦਾਸ ਲਿਖਿਆ। ਫੇਰ ਅਚਰਜ ਦੇਖੋ ਤੁਰ ਨਹੀਂ ਗਏ ਜੋਤ ਦੇ ਨਾਲ ਜੋਤ ਜਗਾ ਕੇ ਲਹਿਣੇ ਸੇ ਅੰਗਦ ਕੀਆ ਅਤੇ ਛਾਤੀ ਨਾਲ ਲਾ ਕੇ ਦੂਸਰਾ ਗੁਰੂ ਨਾਨਕ ਬਨਾ ਦਿਤਾ ਫੇਰ ਇਹ ਜੋਤ ਹਰ ਜਾਮੇ ਹਰ ਸਮੇਂ ਵਿਚ ਨਾਨਕ ਰੂਪ ਵਟਾਵਨ ਵਾਰੋ ਵਾਰੀ ਜੋਤ ਉਹਾ ਜੁਗਤ ਸਭ ਓਹੋ ਹੀ ਰਿਹਾ ਓਹੀ ਨਿਰੰਕਾਰ ਦੇ ਸਿਮਰਨ ਦਾ ਪ੍ਰਚਾਰ ਹਰ ਜੋਤ 'ਚ ਗੁਰੂ ਨਾਨਕ ਨੇ ਕੀਤਾ ਫੇਰ ਵਾਰੀ ਆਈ ਦਸਵੇਂ ਗੁਰੂ ਨਾਨਕ ਦੀ। ਓਸ ਨੇ ਕਮਾਲ ਕਰ ਦਿਖਾਇਆ ਮਹਾਂਬਲੀ ਯੋਧੇ ਭਾਰੀ ਤਪਸਿਆ ਤੇ ਕੁਰਬਾਨੀ ਜੋ ਵੀ ਕੀਤਾ, ਸੰਸਾਰ ਤੇ ਮਿਸਾਲ ਬੜੀ ਜ਼ਬਰਦਸਤ ਹੈ। ਕਹਿੰਦੇ ਨੇ ਮੁਸਲਮਾਨਾਂ ਦੇ ਪੈਗੰਬਰ ਨੂੰ ਅਲਹਾਮ ਹੋਇਆ ਕਿ ਅਪਨੇ ਬਚੇ ਦੀ ਕੁਰਬਾਨੀ ਦੇਹ ਉਸਨੇ ਅਪਨੀ ਅੱਖਾਂ ਤੇ ਪਟੀ ਬੰਨ੍ਹਕੇ ਬਚੇ ਦੀ ਕੁਰਬਾਨੀ ਦੇਣ ਲਗਾ ਪਰ ਧੰਨ ਹੈ ਸਤਿਗੁਰੂ ਨਾਨਕ ਦਸਵੀਂ ਜੋਤ ਵਿਚ ਬੈਠ ਕੇ ਅਖਾਂ ਦੇ ਸਾਮਨੇ ਬਚਿਆਂ ਦੀ ਸ਼ਹੀਦੀ ਦੇਖੀ ਤੇ ਸ਼ਾਬਾਸ਼ ਸ਼ਾਬਾਸ਼ ਦਾ ਨਾਹਰਾ ਦਿੰਦੇ ਰਹੇ। ਖਾਲਸਾ ਪੰਥ ਅਮਰ ਪੁਤ੍ਰ ਸਾਜਿਆ ਤੇ ਓਸ ਨਵੇਂ ਲਾਏ ਪੌਦੇ ਨੂੰ ਅਪਨੇ ਪ੍ਰਵਾਰ ਦੇ ਖੂਨ ਨਾਲ ਸਿੰਜਿਆ,ਜਦੋਂ ਕਰੋੜਾਂ ਉਪਕਾਰ ਤੇ ਖਾਲਸਾ ਪੰਥ ਸਾਜਕੇ ਅਕਾਲ ਪੁਰਖ ਦੇ ਪਾਸ ਗਏ ਤਾਂ ਵੀ ਸਾਨੂੰ ਖਾਲੀ ਨਹੀਂ ਛਡ ਗਏ ੧੧ਵੀਂ ਜੋਤ ਚੌਰ ਤਖਤ ਗਦੀ ਸਭ ਕੁਝ ਜੁਗੋ ਜੁਗ ਅਟੱਲ ਸਤਿਗੁਰੂ ਨੂੰ ਦੇਕੇ ਅਪਨੇ ਪੰਥ ਦੇ ਸਿਰ ਤੇ ਹੀ ਰਹੇ। ਸੋ ਇਸ ਕਰਕੇ


www.AKJ.org

ਮੇਰਾ ਸਤਿਗੁਰੂ ਨਾਨਕ ਸਭ ਤੋਂ ਵਡਾ ਹੈ ਰਾਮ ਨੇ ਦੂਸਰਾ ਰਾਮ ਨਹੀਂ ਬਨਾਇਆ, ਕ੍ਰਿਸ਼ਨ ਜੀ ਨੇ ਦੂਜਾ ਕ੍ਰਿਸ਼ਨ ਨਹੀਂ ਬਨਾਇਆ,ਮੁਹੰਮਦ ਨੇ ਦੂਸਰਾ ਮੁਹੰਮਦ ਨਹੀਂ ਬਣਾਇਆ ਪਰ ਗੁਰੂ ਨਾਨਕ ਨੇ ਗੁਰੂ ਨਾਨਕ ਬਣਾ ਕੇ ਅਜ ਤਕ ਆਪਣੇ ਪੰਥ ਨੂੰ ਨਿਵਾਜਿਆ ਹੈ ਪੰਥ ਸੁਹਾਗਨ ਹੈ ਜਿਦੇ ਸਿਰ ਤੇ ਗੁਰੂ ਨਾਨਕ ਯਾਰਵੀਂ ਜੋਤ ਵਿਚ ਬਿਰਾਜ ਰਹੇ ਹਨ ਤੇ ਜਦ ਤਕ ਸੰਸਾਰ ਦਾ ਕੋਈ ਵੀ ਜੀਵ ਦੁਨੀਆ ਤੇ ਰਹੇਗਾ, ਗੁਰੂ ਨਾਨਕ ਦੇਵ ਜੁਗੋ ਜੁਗ ਅਟੱਲ ਹਨ ਫੇਰ ਜੋ ਸਾਰੇ ਸੰਸਾਰ ਦਾ ਭਲਾ ਮੰਗਣ ਵਾਲੇ ਹਨ। ਮੁਸਲਮਾਨਾਂ ਦਾ ਪੀਰ ਕਹਿੰਦਾ ਹੈ ਮੇਰੇ ਤੇ ਇਮਾਨ ਲਿਆਓ ਤਾਂ ਸਵਰਗ ਮਿਲੇਗਾ। ਇਸਾਈਆਂ ਦਾ ਪੀਰ ਕਹਿੰਦਾ ਹੈ ਮੇਰੇ ਬਣੋ ਤਾਂ ਸਵਰਗ ਮਿਲੇਗਾ। ਹਿੰਦੂਆਂ ਦੇ ਕ੍ਰਿਸ਼ਨ ਜੀ ਗੀਤਾ ਵਿਚ ਕਹਿੰਦੇ ਹਨ ਮੈਂ ਤੁਹਾਨੂੰ ਪਾਰ ਕਰਾਂਗਾ। ਪਰ ਧੰਨ ਸਤਿਗੁਰ ਨਾਨਕ ਜੀ ਜੋ ਕਹਿੰਦੇ ਹਨ ਅਕਾਲ ਪੁਰਖ 'ਜਗਤ ਜਲੰਦਾ ਰਖ ਲੈ ਅਪਨੀ ਕਿਰਪਾ ਧਾਰ। ਜਿਤ ਦੁਆਰੇ ਉਬਰੇ ਤਿਤੇ ਲੇਹੁ ਉਬਾਰ।' 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ' ਕਿਸੇ ਨੇ ਸਰਬਤ ਦਾ ਭਲਾ ਨਹੀਂ ਮੰਗਿਆ ਕਿਸੇ ਇਕ ਨੂੰ ਨਹੀਂ ਕਿਹਾ ਸੰਸਾਰ ਦਾ ਭਲਾ ਮੰਗਣ ਵਾਲਾ ਆਦਿ ਜੁਗਾਦੀ ਰਖਣ ਵਾਲਾ ਸਾਡੇ ਸਿਰਾਂ ਤੇ ਮੇਹਰਾਂ ਕਰਨ ਵਾਲਾ ਹੈ—

'ਸਭ ਤੋਂ ਵਡਾ ਸਤਿਗੁਰ ਨਾਨਕ
ਜਿਨ ਕਲ ਰਾਖੀ ਮੇਰੀ ॥'

—o—


ਸੰਤਨ ਸਿਉ ਹਮ ਲਾਹਾ ਖਾਟਿਆ ॥

ਥੋੜੇ ਪੈਸਿਆਂ ਵਿਚ ਬਹੁਤਾ ਫ਼ਾਇਦਾ !

## ਦੰਦਾਂ ਤੇ ਮਸੂੜਿਆਂ ਦੀ ਰਖਵਾਲੀ ਲਈ

# ਬਖ਼ਸ਼ੀ ਦੰਤ ਮੰਜਨ ਵਰਤੋ !

ਇਸ ਦੇ ਵਰਤਣ ਨਾਲ (੧) ਮੂੰਹ ਦੀ ਬਦਬੂ (੨) ਖ਼ੂਨ ਪੀਪ ਦਾ ਨਿਕਲਨਾ (੩) ਦਰਦ, ਮਾਸਖੋਰਾ ਆਦਿ ਠੀਕ ਹੋ ਜਾਂਦੇ ਹਨ ਤੇ ਹਿਲਦੇ ਦੰਦ ਆਪਣੀ ਥਾਂ ਤੇ ਜੰਮ ਜਾਂਦੇ ਹਨ।

ਜੇ ਉਤੇ ਲਿਖੇ ਫ਼ਾਇਦੇ ਨਾ ਹੋਣ ਤਾਂ ਕੀਮਤ ਵਾਪਸ।
ਪੈਕਿੰਗ :—ਵਡੀ ਸ਼ੀਸ਼ੀ (450 ਗਰਾਮ) ਫੈਮਿਲੀ ਸਾਈਜ਼ 2 ਰੁ: 50 ਪੈ:
ਦਰਮਿਆਨੀ (125 ਗਰਾਮ) 1 ਰੁਪਿਆ। ਛੋਟੀ ਸੀਸ਼ੀ 50 ਪੈਸੇ

ਸੋਲ ਏਜੰਟ—**ਮੈਸਰਜ਼ ਕੁਲਦੀਪ ਸਟੋਰਜ਼ ਨੌਲਖਾ ਬਿਲਡਿੰਗਜ਼ ਸਦਰ ਆਗਰਾ**
**(੨) ਭਾਈ ਲਾਭ ਸਿੰਘ ਮਨਮੋਹਨ ਸਿੰਘ, ਧੋਲੀ ਪਿਆਓ, ਮਥਰਾ**



www.AKJ.Org

# ਕਲਿ ਤਾਰਨ ਗੁਰ ਨਾਨਕ ਆਇਆ

( ਭਾਈ ਮਨਮੋਹਨ ਸਿੰਘ ਜੀ ਬੁਤਾਲਾ )

ਇਸ ਘੋਰ ਕਲਜੁਗ ਵਿਚ ਜਦੋਂ ਕਿ ਧਰਮ ਦਾ ਨਾਮ ਨਿਸ਼ਾਨ ਹੀ ਮਿਟ ਗਿਆ, ਜਦੋਂ ਹਿੰਦੁਸਤਾਨ ਵਿਚ ਰਹਿਣ ਵਾਲੇ ਸਾਰੇ ਵਸਨੀਕ ਹੈਰਾਨ ਹੁੰਦੇ ਸਨ ਕਿ ਨਿਤ ਦਿਹਾੜੇ ਇਤਨਾਂ ਜ਼ੁਲਮ ਹੁੰਦਾ ਹੈ ਕਿ ਇਸ ਜ਼ੁਲਮ ਦੇ ਖਿਲਾਫ ਭੀ ਕੋਈ ਆਵਾਜ਼ ਉਠਾ ਸਕੇਗਾ ਕਿਸੇ ਦੀ ਜੁਰਤ ਨਹੀਂ ਸੀ ਪੈਂਦੀ ਕਿ ਜ਼ੁਲਮ ਕਰਨ ਵਾਲੇ ਹਾਕਮ ਨੂੰ ਕੋਈ ਜਾਬਰ ਕਹਿ ਸਕੇ ਅਤੇ ਉਸ ਦੇ ਅਤਿਆਚਾਰ ਨੂੰ ਰੋਕ ਸਕੇ ।

ਉਸ ਭਿਆਨਕ ਸਮੇਂ ਨੂੰ ਵੇਖਕੇ ਹੀ ਅਕਾਲ ਪੁਰਖ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਘੋਰ ਕਲਜੁਗ ਵਿਚ ਮਾਤ ਲੋਕ ਜਾਣ ਲਈ ਕਿਹਾ ਕਿ ਜਾਓ ਉਥੇ ਅਜ ਬਹੁਤ ਕਹਿਰ ਹੋ ਰਿਹਾ ਹੈ ਸਤਿਗੁਰੂ ਨਾਨਕ ਦੇਵ ਜੀ ਨੇ ਆ ਕੇ ਦੇਖਿਆ, ਤੇ ਏਥੋਂ ਦੇ ਕੁਕਰਮ ਵੇਖ ਕੇ ਕਿਹਾ ।

'ਇਸ ਕਲਿਜੁਗ ਮਹਿ ਕਰਮ ਧਰਮੁ ਨ ਕੋਈ ।
ਕਲੀ ਕਾ ਜਨਮੁ ਚੰਡਾਲ ਕੈ ਘਰੁ ਹੋਈ ।
ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ।

ਭਾਈ ਗੁਰਦਾਸ ਦੀ ਗਵਾਹੀ ਭੀ ਏਹੋ ਸਿਧ ਕਰਦੀ ਹੈ ਕਿ ਉਸ ਸਮੇਂ ਗੁਰੂ ਜੀ ਨੇ ਧਿਆਨ ਨਾਲ ਵੇਖਿਆ ਤਾਂ ਸਾਰੀ ਪ੍ਰਿਥਵੀ ਹੀ ਉਨ੍ਹਾਂ ਨੂੰ ਸੜਦੀ ਹੀ ਨਜ਼ਰ ਆਈ ਉਨ੍ਹਾਂ ਨੇ ਆਪਣੇ ਸਾਰੇ ਜੀਵਨ ਵਿਚ ਚਾਰ ਵਡੀਆਂ ਉਦਾਸੀਆਂ ਕੀਤੀਆਂ ਏਨ੍ਹਾਂ ਮੰਜ਼ਲਾਂ ਵਿਚ ਸਾਰੇ ਜਗਤ ਨੂੰ ਕੀ ਇਸ ਮਾਤ ਲੋਕ ਮਈ ਜਗਤ ਨੂੰ ਕੀ ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਦੇ ਜੀਵਾਂ ਨੂੰ ਤਾਰਿਆ । ਉਸ ਸਮੇਂ ਜੋ ਭਾਰਤ ਦਾ ਬਾਦਸ਼ਾਹ ਬਾਬਰ ਹੋਇਆ ਹੈ ਜੋ ਬੜੇ ਜ਼ੁਲਮ ਤੇ ਅਤਿਆਚਾਰ ਕਰ ਕੇ ਹਿੰਦੋਸਤਾਨ ਦਾ ਵਾਰਸ ਬਣ ਬੈਠਾ ਸੀ ਜਿਸ ਦੇ ਇਕ ਕਤਲਾਮ ਵਿਚ ਗੁਰੂ ਜੀ ਨੂੰ ਗ੍ਰਿਫਤਾਰ ਹੋਣਾ ਪਿਆ ਅਤੇ ਜੇਲ੍ਹ ਵਿਚ ਜਾ ਕੇ ਚੱਕੀ ਭੀ ਪੀਹਣੀ ਪਈ ਜਦੋਂ ਚੱਕੀ ਆਪੇ ਚਲਣ ਨਾਲ ਕਿਸੇ ਨੇ ਬਾਬਰ ਨੂੰ ਦਸਿਆ ਤਾਂ ਬਾਬਰ ਗੁਰੂ ਜੀ ਦੇ ਚਰਨੀਂ ਆ ਪਿਆ ਪਰ ਗੁਰੂ ਜੀ ਨੇ ਬੜੀ ਨਿਧੜਕਤਾ ਨਾਲ ਇਸ ਤਰ੍ਹਾਂ ਕਿਹਾ ਜੋ ਗੁਰਬਾਣੀ ਵਿਚ ਆਸਾ ਰਾਗ ਵਿਚ ਦਰਜ ਹੈ:—

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ।।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ।।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ।।

ਇਸ ਤਰ੍ਹਾਂ ਗੁਰੂ ਜੀ ਅਕਾਲਪੁਰਖ ਨੂੰ ਕਹਿ ਰਹੇ ਸਨ ਅਤੇ ਅਰਦਾਸ ਵਿਚ ਇਤਨੇ ਜੁੜੇ ਕਿ ਬਾਬਰ ਕਿਨਾਂ ਚਿਰ ਉਥੇ ਹੀ ਖਲੋਤਾ ਰਿਹਾ ਅਖੀਰ ਗੁਰੂ ਜੀ ਨੂੰ ਰਿਹਾ ਹੋਣ ਲਈ ਬੇਨਤੀ ਕੀਤੀ ਅਤੇ ਆਪਣੀ ਗਲਤੀ ਦੀ ਮੁਆਫੀ ਮੰਗੀ ।

ਗੁਰੂ ਜੀ ਨੇ ਬਾਬਰ ਨੂੰ ਕਿਹਾ ਕਿ ਤੂੰ ਦੇਸ ਦਾ ਬਾਦਸ਼ਾਹ ਹੈਂ ਬਾਦਸ਼ਾਹ ਪਰਜਾ ਦਾ ਪਿਤਾ ਹੁੰਦਾ ਹੈ ਤੂੰ ਪਰਜਾ ਨਾਲ ਪੁਤਰਾਂ ਵਾਲਾ ਸਲੂਕ ਕਰਿਆ ਕਰ ਜਦੋਂ ਤਕ ਤੇਰੀ ਇਹ ਬਾਦਸ਼ਾਹੀ ਹਿੰਦੁਸਤਾਨ ਦੇ ਵਸਨੀਕਾਂ ਦੇ ਸਾਰੇ ਫਿਰਕਿਆਂ ਨਾਲ ਪਿਆਰ ਨਾਲ ਪੇਸ਼ ਆਵੇਗੀ ਤਾਂ ਤੇਰੀ ਬਾਦਸ਼ਾਹੀ ਦੀ

www.AKJ.Org

ਗਦੀ ਚਲਦੀ ਰਹੇਗੀ ਪਰ ਜਦੋਂ ਜ਼ੁਲਮ ਹੋਣੇ ਸ਼ੁਰੂ ਹੋ ਜਾਣਗੇ ਤਾਂ ਤੁਹਾਡੀ ਬਾਦਸ਼ਾਹੀ ਖ਼ਤਮ ਹੋ ਜਾਵੇਗੀ।

ਇਸ ਜਗਤ ਨੂੰ ਸਾਧ ਬਿਨਾਂ ਕੋਈ ਨਹੀਂ ਥੰਮ ਸਕਦਾ ਕਿਉਂਕਿ ਜਦੋਂ ਦੁਨੀਆਂ ਰਾਹੋਂ ਕੁਰਾਹੇ ਪੈ ਜਾਵੇ ਰਬ ਦੇ ਨਾਮ ਨੂੰ ਬਿਲਕੁਲ ਭੁਲਾ ਦੇਵੇ, ਹੰਕਾਰੀ ਕਹਿਣ ਕਿ ਰੱਬ ਤਾਂ ਹੈ ਹੀ ਨਹੀਂ, ਤਾਂ ਹੀ ਭਾਈ ਗੁਰਦਾਸ ਜੀ ਨੇ ਲਿਖਿਆ ਹੈ:—

'ਥੰਮੇ ਕੋਇ ਨ ਸਾਧ ਬਿਨ, ਸਾਧ ਨ ਦਿਸੈ ਜਗ ਵਿਚ ਕੋਆ।'

ਪਰ ਪੂਰਨ ਸੰਤ ਗੁਰੂ ਨਾਨਕ ਹੀ ਦੁਨੀਆਂ ਵਿਚ ਹੋਏ ਹਨ, ਜੇਹੜੇ ਨਿਰਭੈਤਾ ਨਾਲ ਮਲਕ ਭਾਗੋ ਦੇ ਪੂਰਿਆਂ ਨੂੰ ਨਿੰਦਦੇ ਸਨ, ਕਿ ਇਹ ਪੂਰੇ ਦਸਾਂ ਨਵ੍ਹਾਂ ਦੀ ਕਮਾਈ ਦੇ ਨਹੀਂ ਬਣੇ ਤਾਹੀਂ ਤਾਂ ਏਨ੍ਹਾਂ 'ਚੋਂ ਖੂੰਨ ਵਗ ਰਿਹਾ ਹੈ ਪਰ ਲਾਲੋ ਜੀ ਦੀ ਕੋਧਰੇ ਦੀ ਰੋਟੀ ਵਿਚੋਂ ਦੁਧ ਵਗਦਾ ਹੈ ਕਿਉਂ ਕਿ ਇਹ ਕਮਾਈ ਧਰਮ ਦੀ ਕਿਰਤ ਹੈ, ਪਰ ਅਜ ਦੇ ਸੰਤਾਂ ਨੂੰ ਅਸੀਂ ਨਜ਼ਦੀਕ ਹੋ ਕੇ ਆਖੀਏ, ਕਿ ਕੀ ਤੁਸੀਂ ਇਸ ਤਰ੍ਹਾਂ ਕਰ ਸਕਦੇ ਹੋ ਜਾਂ ਪਾਪ ਦੇ ਧਨ ਨੂੰ ਕਹਿ ਸਕਦੇ ਹੋ ਕਿ ਇਹ ਤੂੰ ਹੇਰਾ ਫੇਰੀ ਨਾਲ ਇਕਠਾ ਕੀਤਾ ਹੈ?ਤਾਂ ਉਨ੍ਹਾਂ ਦਾ ਏਹੋ ਜੁਵਾਬ ਹੋਵੇਗਾ ਕਿ ਸਾਨੂੰ ਤਾਂ ਬਹੁਤਾ ਧੰਨ ਦੇਣ ਵਾਲਾ ਸੇਵਕ ਚਾਹੀਦਾ ਹੈ ਭਾਵੇਂ ਉਹ ਪਾਪ ਕਿਰਤ ਕਰੇ ਭਾਵੇਂ ਧਰਮ। ਸਾਨੂੰ ਏਨਾਂ ਗਲਾਂ ਨਾਲ ਕੀ ਕਿਉਂਕਿ ਸਾਡੇ ਡੇਰੇ ਵਿਚ ਤਾਂ ਬਹੁਤਾ ਬਹੁਤਾ ਧੰਨ ਦੇਣ ਵਾਲਾ ਹੀ ਮਾਣ ਪਾ ਸਕਦਾ ਹੈ। ਗੁਰੂ ਜੀ ਨੇ ਤਾਂ ਕਿਸੇ ਘਰੋਂ ਖਾਣਾ ਖਾਣ ਬਾਰੇ ਭੀ ਇਹ ਲਿਖਿਆ ਹੈ:

ਜਾਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਗੀਤ॥
ਤਾਕਾ ਭੋਜਨ ਖਾਇਕੈ ਬਿਸਰੈ ਹਰਿ ਕੀ ਪ੍ਰੀਤ॥

ਪਰ ਅਜ ਕਲ ਦੇ ਸੰਤ ਤਾਂ ਭੋਜਨ ਛਡ ਕੇ ਏਹੋ ਜਹੇ ਮਾਇਆਧਾਰੀ ਆਦਮੀਆਂ ਨੂੰ ਹੀ ਸਭ ਤੋਂ ਵਡਾ ਬਣਾਉਂਦੇ ਹਨ ਅਤੇ ਫੇਰ ਭੀ ਉਨ੍ਹਾਂ ਸੰਤਾਂ ਦੀ ਹਰੀ ਨਾਲੋਂ ਪ੍ਰੀਤ ਟੁਟਦੀ ਨਹੀਂ ਹੈ। ਉਹੋ ਮੈਂ ਤਾਂ ਹੋਰ ਹੀ ਪਾਸੇ ਚਲਾ ਗਿਆ ਫੇਰ ਕੀ ਹੋਇਆ ਦਸ਼ਮੇਸ਼ ਪਿਤਾ ਦਾ ਫੁਰਮਾਨ ਜੂ ਹੋਇਆ ਕਿ ਗੁਰੂ ਕਹਿਲਾਉਣ ਵਾਲੇ ਬਹੁਤ ਹੀ ਹੋਣਗੇ।

"ਘਰਿ ਘਰਿ ਹੋਇ ਬਹੈਂਗੇ ਰਾਮਾ॥
ਤਿਨ ਤੇ ਸਰੇ ਨ ਕੋਊ ਕਾਮਾ॥"

ਇਸ ਕਰਕੇ ਸਾਨੂੰ ਏਹੋ ਜਿਹਾ ਫਿਕਰ ਨਹੀਂ ਕਰਨਾ ਚਾਹੀਦਾ ਅਤੇ ਸਿਧੇ ਪ੍ਰਮਾਰਥਕ ਦੇ ਰਾਹ ਤੇ ਚਲਣਾ ਚਾਹੀਦਾ ਹੈ। ਗੁਰੂ ਜੀ ਨੇ ਸਾਨੂੰ ਸਾਰਿਆਂ ਭਰਮਾਂ ਵਿਚੋਂ ਕੱਢ ਕੇ ਇਕ ਅਕਾਲ ਪੁਰਖ ਦਾ ਆਸਰਾ ਹੀ ਮੁਖ ਰਖਣ ਲਈ ਕਿਹਾ ਹੈ ਕਿਉਂਕਿ ਜੇ ਅਸੀਂ ਹੋਰ ਕਈ ਧਰਮ ਧਾਰਨ ਕਰੀ ਫਿਰੀਏ ਤਾਂ ਸਾਨੂੰ ਭਰੋਸਾ ਕਿਸੇ ਤੇ ਭੀ ਨਹੀਂ ਹੋਵੇਗਾ ਅਤੇ ਨਾ ਹੀ ਉਨ੍ਹਾਂ ਵਿਚੋਂ ਅਸੀਂ ਕਿਸੇ ਨੂੰ ਧਾਰਨ ਹੀ ਕਰ ਸਕਾਂਗੇ ਪਰ ਇਸ ਨੂੰ ਸਮਝ ਉਹ ਹੀ ਸਕਦਾ ਹੈ ਜੋ ਇਸ ਨਾਮ ਦੀ ਕਦਰ ਕਰਦਾ ਹੈ। ਜਿਸ ਤਰ੍ਹਾਂ ਇਕ ਜੰਗਲ ਵਿਚ ਗੁਰੂ ਜੀ ਬੈਠੇ ਹਨ ਮਰਦਾਨੇ ਨੇ ਕਿਹਾ ਕਿ ਆਪ ਤਾਂ ਕਈ ਦਿਨ ਭੁੱਖ ਕੱਟ ਸਕਦੇ ਹੋ ਪਰ ਮੇਰੇ ਵਰਗੇ ਨੂੰ ਕਿਉਂ ਨਾਲ ਹੀ ਭੁਖੇ ਮਾਰਦੇ ਹੋ ਗੁਰੂ ਜੀ ਨੇ ਧਰਤੀ ਵਿਚ ਪੈਰ ਦਾ ਅੰਗੂਠਾ ਨਪਿਆ, ਤਾਂ ਇਕ ਬਹੁਮੁਲਾ ਹੀਰਾ ਕਢਿਆ, ਮਰਦਾਨੇ ਨੂੰ ਦੇ ਕੇ ਕਹਿਣ ਲਗੇ ਕਿ ਇਹ ਵੇਚ ਕੇ ਤੂੰ ਰੋਟੀ ਖਾ ਆ, ਜਦ ਮਰਦਾਨਾ ਬਾਜ਼ਾਰ ਲੈ ਕੇ ਗਿਆ ਤਾਂ ਇਕ ਸਬਜ਼ੀ ਵਾਲੇ ਨੂੰ ਕਿਹਾ ਕਿ ਇਸ ਚੀਜ਼ ਨੂੰ ਲੈ ਕੇ ਮੈਨੂੰ ਥੋੜੇ ਪੈਸੇ ਦਿਉ ਤਾਕਿ ਮੈਂ ਉਹਨਾਂ ਪੈਸਿਆਂ ਦੀ ਰੋਟੀ ਲੈ ਕੇ ਖਾ ਸਕਾਂ, ਸਬਜ਼ੀ ਵੇਚਣ ਵਾਲੇ ਨੇ ਕਿਹਾ ਕਿ ਇਸ ਵੱਟੇ ਨੂੰ ਰਖਕੇ ਮੈਂ ਕ[illegible] ਕਰਨਾ ਹੈ ਜਾਹ ਜਾਹ ਅਗੇ ਤੁਰਿਆ ਚਲ [illegible] ਵਿਚਾਰਾ ਉਸੇ ਤਰਾਂ ਭੁਖਾ ਇਕ ਕਪੜੇ ਵਾਲ[illegible] ਦੁਕਾਨ ਤੇ ਗਿਆ ਪਰ ਉਥੋਂ ਭੀ ਉਸ ਨੂੰ ਉਸਦੇ ਬਜਾਏ ਕੋਈ ਪੈਸਾ ਨਾ ਮਿਲਿਆ। ਹੋਰ ਭੀ ਕਈ ਦੁਕਾਨਾਂ ਤੋਂ ਉਸ ਨੇ ਪਤਾ ਕੀਤਾ ਕਿ ਇਸ ਚੀ[illegible] ਦਾ ਕੋਈ ਪੈਸਾ ਵਟਿਆ ਜਾਵੇ ਤਾਂ ਜੋ ਭੋਜਨ ਖ[illegible] ਸਕਾਂ। ਅਖੀਰ ਮਰਦਾਨਾ ਫਿਰਦਾ ੨ ਇ[illegible] ਜਵਾਹਰੀਏ ਦੀ ਦੁਕਾਨ ਤੇ ਚਲਾ ਗਿਆ ਜਿਸ[illegible] ਨਾਮ ਸਾਲਸ ਰਾਇ ਕਰਕੇ ਆਉਂਦਾ ਹੈ ਜ[illegible]


www.AKJ.org

ਸਾਲਸ ਰਾਇ ਨੇ ਉਹ ਵਡਮੁੱਲਾ ਹੀਰ ਤਕਿਆ ਤਾਂ ਉਹ ਮਰਦਾਨੇ ਵੱਲ ਵੇਖ ਕੇ ਹੈਰਾਨ ਰਹਿ ਗਿਆ ਕਿ ਏਡਾ ਕੀਮਤੀ ਹੀਰਾ ਇਸ ਕੋਲ ਕਿਦਾਂ ਆ ਗਿਆ ਪਰ ਫੇਰ ਉਸ ਨੇ ਬਿਨਾਂ ਹੋਰ ਕੁਝ ਬੋਲੇ ਇਕ ਸੌ ਰੁਪਿਆ ਰੱਖ ਕੇ ਤਿੰਨ ਵਾਰ ਹੀਰੇ ਅਗੇ ਮੱਥਾ ਟੇਕਿਆ, ਮਰਦਾਨੇ ਨੂੰ ਇਕ ਸੌ ਰੁਪਿਆ ਤੇ ਉਹ ਹੀਰਾ ਦੇ ਦਿਤਾ, ਮਰਦਾਨੇ ਨੇ ਕਿਹਾ ਕਿ ਨਹੀਂ ਮੈਂ ਤਾਂ ਇਸ ਦੀ ਕੀਮਤ ਦਾ ਰੁਪਿਆ ਆਪ ਪਾਸੋਂ ਲੈ ਲਿਆ ਹੈ ਸਾਲਸ ਰਾਇ ਨੇ ਕਿਹਾ ਕਿ ਇਹ ਵਡਮੁੱਲਾ ਹੀਰਾ ਹੈ ਇਸ ਦੀ ਕੀਮਤ ਨਹੀਂ ਤਾਰ ਸਕਦਾ ਇਹ ਤਾਂ ਮੈਂ ਇਸ ਹੀਰੇ ਦੀ ਦਰਸ਼ਨੀ ਭੇਟ ਹੀ ਦੇ ਰਿਹਾ ਹਾਂ, ਮੇਰਾ ਉਸਤਾਦ ਕਿਹਾ ਕਰਦਾ ਸੀ ਕਿ ਜਿਸ ਹੀਰੇ ਦੀ ਕੀਮਤ ਬਹੁਮੁਲੀ ਹੋਵੇ ਉਸ ਦੀ ਦਰਸ਼ਨੀ ਭੇਟ ਹੀ ਸੌ ਰੁਪਿਆ ਹੁੰਦੀ ਹੈ ਇਸ ਕਰਕੇ ਮੈਂ ਇਹ ਪਹਿਲੀ ਵਾਰ ਹੀ ਏਨੀ ਕੀਮਤ ਦਾ ਹੀਰਾ ਆਪਣੀ ਉਮਰ ਵਿਚ ਵੇਖਿਆ ਹੈ, ਮਰਦਾਨਾ ਆਪ ਭੀ ਹੈਰਾਨ ਹੋ ਗਿਆ ਅੱਤੇ ਕਹਿਣ ਲਗਾ ਕਿ ਕਿਥੇ ਤਾਂ ਹਰ ਦੁਕਾਨਦਾਰ ਧਕੇ ਦਿੰਦਾ ਸੀ ਅਤੇ ਖਾਣ ਜੋਗੀ ਰੋਟੀ ਲਈ ਪੈਸੇ ਨਹੀਂ ਸੀ ਦਿੰਦਾ ਤੇ ਕਿਥੇ ਸੌ ਰੁਪਿਆ ਦਰਸ਼ਨੀ ਭੇਟ, ਪਰ ਗੁਰੂ ਨਾਨਕ ਤੇਰੀਆਂ ਤੂੰ ਹੀ ਜਾਣੇ ਰੋਟੀ ਖਾ ਕੇ ਮਰਦਾਨਾ ਗੁਰੂ ਜੀ ਪਾਸ ਆਇਆ ਤੇ ਸਾਰੀ ਵਿਥਿਆ ਕਹਿ ਸੁਣਾਈ ਤਾਂ ਗੁਰੂ ਜੀ ਨੇ ਕਿਹਾ ਕਿ ਜਿਸ ਤਰ੍ਹਾਂ ਸਾਲਸ ਰਾਇ ਨੇ ਹੀਰੇ ਦੀ ਕਦਰ ਕੀਤੀ ਹੈ ਤੇ ਬਾਕੀ ਦੁਕਾਨਦਾਰਾਂ ਨੇ ਧਕੇ ਦਿਤੇ ਹਨ ਉਸੇਤਰ੍ਹਾਂ ਭਗਤ ਆਦਮੀ ਨਾਮ ਨਾਲ ਪਿਆਰ ਕਰਦੇ ਹਨ।

ਗੁਰੂ ਜੀ ਨੇ ਸਾਡੇ ਦਰਸਾਉਣ ਲਈ ਕਈ ...ਤਕ ਕੀਤੇ ਕਿਉਂਕਿ ਸਾਡੇ ਦਿਲਾਂ ਦੇ ਭਰਮਾਂ ਨੂੰ ...ਢਣ ਲਈ ਉਹਨਾਂ ਹਰ ਤਰ੍ਹਾਂ ਨਾਲ ਕਰ ਕੇ ...ਨੂੰ ਸਮਝਾਇਆ ਅਤੇ ਸਾਡੇ ਮਨ ਦੇ ਸਾਰੇ ...ਕਿਆਂ ਨੂੰ ਨਵਿਰਤ ਕਰਨ ਲਈ ਸਾਰੇ ਭਰਮਾਂ ਦੇ ...ੜਦੇ ਖੋਹਲ ਕੇ ਰੱਖ ਦਿਤੇ। ਗੁਰੂ ਜੀ ਨੂੰ ਜਦ ...ਧਾਂ ਨੇ ਪੁਛਿਆ ਕਿ ਜਗਤ ਕਿਥੋਂ ਉਪਜਦਾ ਹੈ ਤੇ ਕਿਸ ਤਰ੍ਹਾਂ ਕਾਇਮ ਰਹਿੰਦਾ ਹੈ ਅਤੇ ਕਿਥੇ ਸਮਾ ਜਾਂਦਾ ਹੈ ? ਤਾਂ ਗੁਰੂ ਜੀ ਨੇ ਸਿਧਾਂ ਨੂੰ ਦਸਿਆ ਸੀ ਕਿ ਜਗਤ ਰਚਨਾ "ਮਨ ਤੇ ਉਪਜੇ ਮਨ ਮਾਹਿ ਸਮਾਵੈ।"

ਜਦ ਰਾਤ ਨੂੰ ਘੂਕ ਨੀਂਦਰ ਦੀ ਅਵਸਥਾ ਵਿਚ ਮਨ ਆਤਮਾਂ ਵਿਚ ਲੀਨ ਹੋ ਜਾਂਦਾ ਹੈ ਤਾਂ ਮਨ ਦੇ ਨਾਲ ਸਾਰੀ ਜਗਤ ਰਚਨਾ ਵੀ ਅਲੋਪ ਹੋ ਜਾਂਦੀ ਹੈ। ਏਸੇ ਤਰ੍ਹਾਂ ਹਸਪਤਾਲਾਂ ਵਿਚ ਕਲੋਰਾ-ਫਾਰਮ ਦੇ ਅਸਰ ਹੇਠ ਜਦ ਮਨ ਨੂੰ ਬੇਹੋਸ਼ ਕੀਤਾ ਜਾਂਦਾ ਹੈ,ਤਾਂ ਭਾਵੇਂ ਸ੍ਰੀਰ ਕਾਇਮ ਹੁੰਦਾ ਹੈ,ਲੇਕਿਨ ਮਨ ਦੇ ਬੇਹੋਸ਼ ਹੋਣ ਨਾਲ ਭਾਵੇਂ ਇਸ ਨੂੰ ਡਾਕਟਰ ਕਿਤਨਾਂ ਹੀ ਕੱਟਣ ਵੱਢਣ ਪਰ ਇਸ ਨੂੰ ਕੋਈ ਪੀੜ ਨਹੀਂ ਹੁੰਦੀ।

ਸਰਬ ਰੋਗ ਕਾ ਅਉਖਧ ਨਾਮੁ ॥

ਗੁਰੂ ਜੀ ਸਾਨੂੰ ਬੜਾ ਅਸਾਨ ਰਸਤਾ ਦਸ ਗਏ ਕਿ ਗ੍ਰਿਸਤ ਵਿਚ ਰਹਿਕੇ ਭੀ ਇਹ ਇੰਨਸਾਨ ਨਾਮ ਜਪ ਸਕਦਾ ਹੈ ਜ਼ਰੂਰੀ ਨਹੀਂ ਜੰਗਲਾਂ ਵਿਚ, ਦੌੜਨਾ ਤੇ ਸਰੀਰ ਨੂੰ ਕਸ਼ਟ ਦੇਣੇ ਅਤੇ ਸਨਿਆਸ ਧਾਰਨ ਕਰਨਾ।

ਆਓ ਅੱਜ ਅਸੀਂ ਗੁਰੂ ਜੀ ਦੇ ਗੁਰਪੁਰਬ ਤੇ ਉਸ ਪਾਸੋਂ ਨਾਮ ਦੀ ਦਾਤ ਮੰਗੀਏ ਤੇ ਉਨ੍ਹਾਂ ਦੇ ਪੂਰਨਿਆਂ ਤੇ ਸਹੀ ਮੈਹਨਿਆਂ ਵਿਚ ਚਲਣ ਲਈ ਅਰਦਾਸ ਕਰੀਏ ਕਿਉਂਕਿ:—

'ਸਭ ਤੋਂ ਵਡਾ ਸਤਿਗੁਰੁ ਨਾਨਕ,
ਜਿਨਿ ਕਲ ਰਾਖੀ ਮੇਰੀ।

ਕਲਜੁਗ ਵਿਚ ਸ੍ਰੀ ਗੁਰੂ ਨਾਨਕ ਹੀ ਸਚੇ ਸਤਿਗੁਰੂ ਹਨ ਇਨ੍ਹਾਂ ਤੋਂ ਹੀ ਅੰਮ੍ਰਿਤ ਦੀ ਪ੍ਰਾਪਤੀ ਹੋ ਸਕਦੀ ਹੈ ਇਹ ਤਾਂ ਪ੍ਰਗਟ ਹੀ ਹੈ ਕਿ ਸਤਿਗੁਰੂ ਨਾਨਕ ਸਾਹਿਬ ਦੀ ਗੁਰਿਆਈ ਗੱਦੀ ਇਨ੍ਹਾਂ ਨੇ ਆਪ ਦਸਵੇਂ ਜਾਮੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿਤੀ।

'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥'

———

www.AKJ.Org

# ਬਾਬਾ ਹੋਰੁ ਖਾਣਾ ਖੁਸੀ ਖੁਆਰੁ

( ਜੇ. ਪੀ. ਸੰਗਤ ਸਿੰਘ ਜੀ ਬੰਬਈ )

ਸੋ ਸਿਖ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚ ਆਵੈ ।
ਆਪਣੈ ਭਾਣੈ ਜੋ ਚਲੈ ਭਾਈ ਸੋ ਵਿਛੁੜਿ ਚੋਟਾ ਖਾਵੈ ॥

ਗੁਰੂ ਕੇ ਸਿਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰ ਬਾਣੀ ਅਤੇ ਰਹਿਤ ਮਰਯਾਦਾ ਹੀ 'ਗੁਰੂ ਕਾ ਭਾਣਾ' ਹੈ, ਪਵਿਤ੍ਰ ਗੁਰੂ ਬਾਣੀ ਅਤੇ ਰਹਿਤ ਮਰਯਾਦਾ ਵਿਚ ਜਿਹੜੇ ਜੀਵਨ ਦੇ ਜ਼ਾਬਤੇ ਦਰਸਾਏ ਗਏ ਹਨ, ਜਿਹੜਾ ਕੋਈ ਜੀਵਨ ਵਿਚ ਉਹਨਾਂ ਨੂੰ ਨਿਭਾ ਲਏ, ਕੇਵਲ ਉਸੇ ਨੂੰ ਹੀ 'ਸਿਖ ਸਖਾ 'ਅਥਵਾ "ਬੰਧਪ" ਆਖਿਆ ਜਾ ਸਕਦਾ ਹੈ' ।

ਸਿਖ ਜੀਵਨ-ਜ਼ਬਤ ਵਿਚ ਅਹਾਰ ਨੂੰ ਖਾਸ ਵਿਸ਼ੇਸ਼ਤਾ ਹੈ ਕਿਉਂ ਜੋ ਅਹਾਰ ਉਤੇ ਹੀ ਮਨੁਖ ਦੇ ਵਿਚਾਰ ਨਿਰਭਰ ਕਰਦੇ ਹਨ ਵਿਚਾਰਾਂ ਅਨੁਸਾਰ ਹੀ ਕਰਮ ਕਿਰਤ ਚ੍ਰਿਤਰ ਅਤੇ ਸੰਸਕਾਰ ਬਣਦੇ ਹਨ, ਇਹੋ ਕਰਮ, ਚ੍ਰਿਤਰ ਅਤੇ ਸੰਸਕਾਰ ਹੀ ਹੁੰਦੇ ਹਨ ਜਿਹੜੇ ਕਿ ਸਹਜੇ ਸਹਜੇ ਮਨੁਖ ਦੀ ਸ਼ਖਸੀਅਤ ਬਣ ਜਾਂਦੇ ਹਨ ।

ਇਥੇ ਹੀ ਬਸ ਨਹੀਂ ਮਨੁਖ ਦੇ ਵਿਚਾਰ, ਕਰਮ ਤੇ ਕਿਰਤ ਹੀ ਹੈ ਜਿਸ ਉਤੇ ਮਨੁਖ ਦਾ ਰੋਜ਼ਾਨਾ ਜੀਵਨ ਉਸਰਦਾ ਹੈ ਇਸੇ ਰੋਜ਼ਾਨਾ ਜੀਵਨ ਉਤੇ ਹੀ ਮਨੁਖਾ ਜਨਮ ਦੀ ਸਫਲਤਾ ਤੇ ਅਸਫਲਤਾ ਦਾ ਅਧਾਰ ਹੈ ਇਸੇ ਰੋਜ਼ਾਨਾ ਜੀਵਨ ਦੇ ਉਤੇ ਹੀ ਉਸਦੇ ਅਗਲੇ ਆ ਰਹੇ ਜੀਵਨ ਦੀ ਉਸਾਰੀ ਹੋਣੀ ਹੈ ।

ਮੂਲ ਮੁਦਾ ਇਹ ਕਿ ਮਨੁਖ ਦੇ ਵਿਚਾਰ, ਮਨੁਖ ਦੀ ਕਿਰਤ, ਮਨੁਖ ਦੇ ਕਰਮ, ਮਨੁਖ ਦਾ ਚ੍ਰਿਤਰ, ਮਨੁਖ ਦਾ ਆਚਰਨ ਮਨੁਖ ਦਾ ਇਹ ਜਨਮ, ਅਤੇ ਮਨੁਖ ਦਾ ਅਗਲਾ ਜਨਮ, ਸਭ ਦੀ ਨੀਂਹ ਹੈ ਮਨੁਖ ਦਾ ਅਹਾਰ-ਮਨੁਖ ਦੀ ਖੁਰਾਕ, ਇਸੇ ਲਈ ਹੀ ਆਖਿਆ ਜਾਂਦਾ ਹੈ 'ਜੇਹਾ ਅੰਨ ਤੇਹਾ ਮਨ' ਜਾਂ 'ਜੈਸਾ ਅਹਾਰ ਤੈਸੇ ਵਿਚਾਰ' ।

ਇਸ ਲਈ ਅਹਾਰ ਜਹੀ ਮਹੱਤ੍ਵ ਪੂਰਨ ਵਸਤੂ ਵਲ ਉਚੇਚਾ ਧਿਆਨ ਦੇਣ ਦੀ ਲੋੜ ਹੈ ।

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁਚੀ ਬਾਣੀ 'ਨਾਮ ਸਿਮਰਨ' ਦੀ ਪ੍ਰੇਰਨਾ ਦੇਂਦੀ ਹੈ। ਸਿਮਰਨ ਹੀ ਸਿਖੀ ਦੀ ਨੀਂਹ ਹੈ 'ਸਿਮਰਨ ਦਾ ਸਿਧਾ ਸੰਬੰਧ ਅਹਾਰ ਨਾਲ ਹੈ' ਜੇ ਅਹਾਰ ਠੀਕ ਤੇ ਯੋਗ ਨਹੀਂ ਤਾਂ ਸਿਮਰਨ ਹੋ ਹੀ ਨਹੀਂ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਹਾਰ ਬਾਰੇ:—

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲੈ ਵਿਕਾਰੁ
(ਸ੍ਰੀ ਰਾਗ ਮ: ੧)

ਅਤੇ

ਅਲਪ ਅਹਾਰ ਸੁਲਪ ਸੀ ਨਿੰਦ੍ਰਾ (ਰਾਮਕਲੀ ਪ: ੧੦)

ਦਾ ਸੁਨਹਿਰੀ ਅਸੂਲ ਕਾਇਮ ਕੀਤਾ ਹੈ, ਸਾਦ ਸੂਛ, ਪਵਿਤ੍ਰ ਅਤੇ ਥੋੜਾ ਖਾਣਾ ਹੀ ਗੁਰਮਤਿ ਦੇ ਅਨਕੂਲ ਹੈ,

ਹਉ ਤਿਸ ਘੋਲਿ ਘੁਮਾਇਆ, ਥੋੜਾ ਸਵੈ ਥੋੜਾ ਹੀ ਖਾਵੈ
(ਭਾ: ਗੁਰਦਾਸ ਜੀ)



www.AKJ.Org

ਭਾ: ਗੁਰਦਾਸ ਜੀ ਅਨੁਸਾਰ ਕੇਵਲ ਜੀਉਣ ਮਾਤ੍ਰ ਲਈ ਹੀ ਖਾਣਾ ਚਾਹੀਦਾ ਹੈ, ਜ਼ਬਾਨ ਦੇ ਚਸਕੇ, ਜੀਭ ਦੇ ਸੁਆਦ ਅਤੇ ਮਨ ਦੇ ਪਿਛੇ ਲਗ ਕੇ ਰੰਗਾ ਰੰਗ ਦੇ ਪਦਾਰਥ ਖਾਣ ਪਿਛੇ ਜੀਉਣਾ ਗੁਰਮਤਿ ਨਹੀਂ ਸਗੋਂ ਇਹੋ ਜਿਹਾਂ ਨੂੰ ਗੁਰਮਤਿ ਨੇ:—

'ਕੇਤੇ ਮੂਰਖ ਖਾਹੀ ਖਾਹ' ਮੂਰਖ ਆਖਿਆ ਹੈ ।

ਗੁਰਮਤਿ ਅਨੁਸਾਰ ਜਾਂ ਗੁਰੂ ਦੇ ਭਾਣੇ ਅਨੁਸਾਰ ਭੋਜਨ ਅਤੀਯੰਤ ਹੀ ਸਾਦਾ, ਪਵਿਤ੍ਰ ਤੇ ਸਵਛ ਹੋਣਾ ਜ਼ਰੂਰੀ ਹੈ ਉਸ ਵਿਚ ਕੋਈ ਵੀ ਤਾਮਸਕ ਵਸਤੂ ਨਹੀਂ ਹੋਣੀ ਚਾਹੀਦੀ 'ਤਾਮਸਕ ਵਸਤੂਆਂ ਹਨ:—

ਮਾਸ, ਮਛੀ, ਅੰਡਾ, ਸ਼ਰਾਬ, ਤੇਜ਼ ਤੇ ਚਟਪਟੇ ਮਸਾਲੇ, ਪਾਨ, ਸੁਪਾਰੀ ਆਦਿ। ਮੋਟਾ ਅਸੂਲ ਹੈ ਕਿ—

ਜਿਤੁ ਖਾਧੈ ਤਨੁ ਪੀੜੀਐ ਮਨਿ ਮਹਿ ਚਲੈ ਵਿਕਾਰ ॥

ਇਨ੍ਹਾਂ ਉਪ੍ਰੋਕਤ ਵਸਤੂਆਂ ਦੇ ਸੇਵਨ ਨਾਲ ਤਨ ਵਿਚ ਕਾਮ ਚੇਸ਼ਟਾ ਤੇ ਮਨ ਵਿਚ ਵਿਕਾਰ ਉਪਜਦੇ ਹਨ, ਤਮੋ ਗੁਣੀ ਖਾਸ ਤਮੋ ਗੁਣੀ ਵਿਚਾਰ ਪੈਦਾ ਕਰਦੀਹੈ,ਇਹ ਅਹਾਰ ਮਨ ਨੂੰ ਸਿਮਰਨ ਵਲ ਜਾਣ ਹੀ ਨਹੀਂ ਦੇਂਦਾ। ਸਿਮਰਨ 'ਚ ਟਿਕਣ ਹੀ ਨਹੀਂ ਦੇਂਦਾ, ਸਿਮਰਨ ਸਿਖੀ ਦਾ ਅਧਾਰ ਹੈ, ਜੇ ਸਿਖੀ ਚੋਂ ਸਿਮਰਨ ਕਢ ਦੇਈਏ ਤਾਂ ਪਿਛੇ ਕੁਝ ਵੀ ਨਹੀਂ ਰਹਿ ਜਾਂਦਾ ਕਿਉਂ ਜੋ:—

"ਨਾਨਕ ਕੇ ਘਰਿ ਕੇਵਲ ਨਾਮ" ਹੈ ਜੇ ਨਾਮ ਨਾਹ ਰਿਹਾ ॥

ਤਾਂ ਸਿਖੀ ਕਿਸ ਗਲ ਦੀ ? ਅਤੇ ਕਿਸ ਆਸਰੇ ਰਹੇਗੀ।

ਪਰ ਜਿਥੇ ਮਾਸ ਖਾਣ ਦਾ ਸੁਆਦ ਹੋਵੇ ਉਥੇ ਨਾਮ ਰਹਿ ਹੀ ਨਹੀਂ ਸਕਦਾ।

ਰਸੁ ਘੋੜੇ, ਰਸੁ ਸੇਜਾ, ਰਸੁ ਮੰਦਰੁ, ਰਸੁ ਮੀਠਾ, ਰਸੁ ਮਾਸੁ ॥
ਏਤੇ ਰਸੁ ਸਰੀਰ ਕੇ, ਕੈ ਘਟਿ ਨਾਮੁ ਨਿਵਾਸ ॥
(ਸ੍ਰੀ ਰਾਗੁ ਮ: ੧)

ਰਾਜ ਦਾ ਸੁਆਦ (ਰਸੁ ਘੋੜੇ), ਭੋਗ ਦਾ ਸੁਆਦ (ਰਸੁ ਸੇਜਾ), ਜੈਦਾਦ ਤੇ ਸੰਪਤੀ ਦਾ ਨਸ਼ਾ (ਰਸੁ ਮੰਦਰ), ਵਿਡ ਦਾ ਚਸਕਾ (ਰਸੁ ਮੀਠਾ) ਅਤੇ ਮਾਸ ਖਾਣ ਦਾ ਚਸਕਾ (ਰਸੁ ਮਾਸ), ਜਿਥੇ ਉਪ੍ਰੋਕਤ ਸੁਆਦ ਜਾਂ ਇਹਨਾਂ 'ਚੋਂ ਇਕ ਵੀ ਸੁਆਦ ਹੈ ਉਥੇ ਨਾਮ ਕਦੇ ਰਹਿ ਹੀ ਨਹੀਂ ਸਕਦਾ।

ਇਹੋ ਕਾਰਨ ਹੈ ਕਿ ਪਵਿਤ੍ਰ ਗੁਰੂ ਬਾਣੀ ਅਤੇ ਸਿਖ ਰਹਿਤ ਮਰਯਾਦਾ ਵਿਚ ਇਹਨਾਂ ਵਸਤੂਆਂ ਦੇ ਸੇਵਨ ਦੀ ਸਖ਼ਤ ਮਨਾਹੀ ਹੈ। ਇਥੇ ਕੇਵਲ ਮਾਸ ਅਹਾਰ ਤੇ ਸੁਰਾਪਾਨ ਸੰਬੰਧੀ ਵਿਚਾਰ ਹੀ ਪੇਸ਼ ਕੀਤੀ ਜਾਏਗੀ।

ਪਵਿਤ੍ਰ ਗੁਰਬਾਣੀ ਦੀ ਲਗ, ਕੰਨਾ, ਮਾਤ੍ਰਾ ਸਿਖ ਲਈ ਗੁਰੂ-ਹੁਕਮ ਦਾ ਦਰਜਾ ਰਖਦਾ ਹੈ। ਗੁਰਬਾਣੀ ਹੀ ਗੁਰੂ ਹੈ ਅਤੇ ਗੁਰਬਾਣੀ ਦਾ ਹੁਕਮ ਗੁਰੂ ਦਾ ਹੁਕਮ ਹੈ:—

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ॥
ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤੱਖ ਗੁਰੂ ਨਿਸਤਾਰੇ ॥

ਗੁਰਬਾਣੀ ਦੇ ਹਰ ਹੁਕਮ ਨੂੰ ਸੇਵਕ ਜਨ ਲਈ ਮਨਣਾ ਹੀ ਬਣਦਾ ਹੈ. ਪਵਿ ਗੁਰਬਾਣੀ ਵਿੱਚ ਮਾਸ ਖਾਣ ਵਾਲਿਆਂ ਬਾਰੇ ਹੇਠ ਲਿਖੇ ਅਨੁਸਾਰ ਫੁਰਮਾਇਆ ਹੈ:—

ਮਾਸੁ ਖਾਨਿ ਗਲ ਵਢਿਕੇ ਹਾਲ ਤਿਨਾੜਾ ਕਉਣ ਹੋਵਸੀ
(ਭਾ: ਗੁਰਦਾਸ ਜੀ)

ਕੁਹੈ ਕਸਾਈ ਬਕਰੀ ਲਾਇ ਲੂਣ ਮਾਸੁ ਸੀਖ ਪ੍ਰੋਆ
ਹਸਿ ਹਸਿ ਬੋਲੈ ਕੁਹੀਦੀ, ਖਾਧੈ ਅਕ ਹਾਲ ਇਹ ਹੋਆ
ਮਾਸ ਖਾਨ ਗਲ ਛੁਰੀ ਦੇ ਹਾਲ ਤਿਨਾੜਾ ਕਉਣ ਅਲੋਆ
(ਭਾ: ਗੁਰਦਾਸ ਜੀ)

ਕੁਹੀ ਜਾ ਰਹੀ ਬਕਰੀ ਆਖਦੀ ਹੈ ਕਿ ਮੈਂ ਸਾਰੀ ਉਮਰ ਅੱਕ ਅਤੇ ਕੰਦ ਮੂਲ ਖਾਂਦੀ ਰਹੀ ਹਾਂ ਕਿਸੇ ਜੀਵ ਨੂੰ ਦੁਖ ਨਹੀਂ ਦਿਤਾ ਤੇ ਫਿਰ ਵੀ ਮੇਰਾ ਇਹ ਹਾਲ ਹੋ ਰਿਹਾ ਹੈ ਕਿ ਮੇਰੇ ਗਲੇ ਤੇ ਛੁਰੀ ਫੇਰੀ ਜਾ ਰਹੀ ਹੈ ਪਰ ਜਿਹੜੇ ਸਾਰੀ ਉਮਰ ਜੀਆਂ ਨੂੰ ਕੁਹ ਕੁਹ ਕੇ ਹੀ ਖਾਂਦੇ ਰਹੇ ਹਨ ਉਹਨਾਂ ਦਾ ਅੰਤ ਵਿਚ ਕੀ ਹਾਲ ਹੋਵੇਗਾ ?



www.AKJ.Org

ਜੀਅ ਬਧੁਹ ਸੁ ਧਰਮੁ ਕਰਿ ਥਾਪਹੁ ਅਧਰਮ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥
(ਮਾਰੂ ਕਬੀਰ ਜੀ, ੧੧੦੨-੩)

ਜੀਆਂ ਨੂੰ ਮਾਰ ਮਾਰ ਖਾਣ ਵਾਲਿਆਂ ਨੂੰ ਜੇ ਅਧਰਮੀ ਤੇ ਕਸਾਈ ਨ ਆਖਿਆ ਜਾਏ ਤਾਂ ਹੋਰ ਕਿਸ ਨੂੰ ਆਖੀਏ ।

ਕਬੀਰ ਜੀਅ ਜੋ ਮਾਰਹਿ ਜੋਰੁ ਕਰਿ ਕਹਤੇ ਹਹਿ ਹਲਾਲੁ ॥
ਦਫਤਰ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥
(ਸਲੋਕ ਕਬੀਰ ਜੀ)

ਕਬੀਰ ਜੀ ਆਖਦੇ ਹਨ ਕਿ ਰਬ ਦੇ ਬੇਜ਼ਬਾਨ ਜੀਆਂ ਨੂੰ ਮਾਰ ਕੇ ਭਾਵੇਂ ਹਲਾਲ ਕੀਤਾ ਆਖਹੁ ਪਰ ਫੈਸਲਾ ਤਾਂ ਉਦੋਂ ਹੋਵੇਗਾ ਜਦੋਂ ਅਗੇ ਜਾ ਕੇ ਲੇਖਾ ਦੇਣਾ ਪਵੇਗਾ ।

ਰੋਜਾ ਧਰੈ, ਮਨਾਵੈ ਅਲਹੁ, ਸੁਆਦਤਿ ਜੀਅ ਸੰਘਾਰੈ ॥
ਆਪਾ ਦੇਖਿ ਅਵਰ ਨਹੀ ਦੇਖੈ, ਕਾਹੇ ਕਉ ਝਖ ਮਾਰੈ ॥
(ਆਸਾ ਕਬੀਰ ਜੀ)

ਭਾਵੇਂ ਸਾਰੇ ਧਰਮ ਕਰਮ ਪਿਆ ਕਰੇ, ਜਿਤਨੇ ਮਰਜ਼ੀ ਹੈ ਪਾਠ ਪੂਜਾ ਕਰਦਾ ਰਹੇ ਪਰ ਜਦੋਂ ਜੀਭ ਦੇ ਸੁਆਦ ਲਈ ਬੇਜ਼ਬਾਨ ਜੀਆਂ ਨੂੰ ਮਾਰਦਾ ਹੈ, ਜਦੋਂ ਉਹ ਆਪਣੇ ਸੁਆਦ ਦਾ ਖਿਆਲ ਤਾਂ ਕਰਦਾ ਹੈ ਪਰ ਵਿਚਾਰੇ ਜੀਅ ਦੀ ਜਾਨ ਦਾ ਖ਼ਿਆਲ ਨਹੀਂ ਕਰਦਾ ਤਾਂ ਉਹ ਝਖ ਮਾਰਦਾ ਹੈ ਉਸਦੇ ਧਰਮ ਕਰਮ ਕਿਸੇ ਲੇਖੇ ਨਹੀਂ ।

ਬੇਦ ਪੜੇ ਮੁਖ ਮੀਠੀ ਬਾਣੀ । ਜੀਆ ਕਹੁਤ ਨ ਸੰਗੈ ਪ੍ਰਾਣੀ ॥

ਬਗਲ ਮੇਂ ਛੁਰੀ ਮੂੰਹ ਮੇਂ ਰਾਮ ਰਾਮ । ਬੜੇ ਪਾਠ ਕਰਦਾ ਹੈ । ਬਾਣੀ ਜ਼ਬਾਨੀ ਯਾਦ ਹੈ ਬੜੀ ਮਿਠੀ ਸੁਰ ਵਿਚ ਪੜਦਾ ਹੈ ਪਰ ਜੀਆਂ ਨੂੰ ਕੁਹਣ ਅਤੇ ਖਾਣ ਵੇਲੇ ਸ਼ਰਮ ਨਹੀਂ ਕਰਦਾ । ਕਿਸ ਕੰਮ ਹੈ ਉਸ ਦਾ ਬਾਣੀ ਪੜਨਾ ।

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹੈ ਤਉ ਕਿਉ ਮੁਰਗੀ ਮਾਰੈ ॥
(ਪ੍ਰਭਾਤੀ ਕਬੀਰ ਜੀ)

ਜਦ ਕਿ ਹਰ ਜੀਵ ਮਾਤ੍ਰ ਵਿਚ ਇਕੋ ਵਾਹਿਗੁਰੂ ਦੀ ਜੋਤ ਦਾ ਪ੍ਰਕਾਸ਼ ਮੰਨਦੇ ਹਾਂ ਤਾਂ ਕੀ ਜਿਹੜੀ ਮੁਰਗੀ ਅਸੀਂ ਜ਼ਬਾਨ ਦੇ ਚਸਕੇ ਲਈ ਵਢਦੇ ਹਾਂ ਉਸ ਵਿਚ ਉਹ ਵਾਹਿਗੁਰੂ ਨਹੀਂ [illegible] ਜੇ ਹੈ ਤਾਂ ਉਸ ਨੂੰ ਵਢਣ ਲਗੇ ਉਸ ਦਾ ਡ[illegible] ਕਿਥੇ ਹੈ ?

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਹਿ ॥
(ਸਲੋਕ ਕਬੀਰ ਜੀ)

ਆਪਣੇ ਸੁਆਦਾਂ ਲਈ ਭੰਗ, ਮਛੀ, ਸੁਪਾ[illegible] ਅਤੇ ਪਾਨ (ਕਈ ਲੋਕ ਸੁਰਾ ਪਾਨ ਇਕੱਠਾ ਜੋੜ[illegible] ਅਰਥ ਸ਼ਰਾਬ ਪੀਣਾ ਵੀ ਕਰਦੇ ਹਨ) ਜਿਹੜ[illegible] ਇਹਨਾਂ ਵਸਤੂਆਂ ਦਾ ਸੇਵਨ ਕਰਦਾ ਹੈ ਉ[illegible] ਜਿਤਨੇ ਮਰਜ਼ੀ ਹੈ ਅਖੰਡ ਪਾਠ ਕਰਾਂਦਾ ਰਹੇ, [illegible] ਇਛਾ ਹੈ ਪੁੰਨ ਦਾਨ ਕਰਦਾ ਰਹੇ ਜਿਤਨੇ ਮਰਜ਼[illegible] ਹੈ ਧਰਮ ਕਰਮ ਤੇ ਨੇਮ ਪਿਆ ਕਰੇ ਪਰ ਉ[illegible] 'ਸਭੇ ਰਸਾਤਲ ਜਾਹਿ' ਨਿਰਾਰਥ ਹਨ ।

ਸਵੇਰ ਦੇ ਨਿਤਨੇਮ ਵਿਚ ਰੋਜ਼ [illegible] ਤਾੜਨਾ ਕੀਤੀ ਜਾਂਦੀ ਹੈ ਅਤੇ ਚਿਤਾਵਨੀ ਦਿਤ[illegible] ਜਾਂਦੀ ਹੈ ਕਿਸੇ ਦਾ ਗਲਾ ਕਟਣਾ ਹਤਿਆ ਹ[illegible] ਹਤਿਆ ਪਾਪ ਹੈ ਅਤੇ ਪਾਪੀਆਂ ਵਾਂਗੂ ਹਤਿਆ ਕਰਕੇ ਖਾਣਾ 'ਮਲੁ ਭਖਿ ਖਾਹਿ' ਬਰਾਬਰ ਹੈ ।

ਅਸੰਖ ਗਲ ਵਢਿ ਹਤਿਆ ਕਮਾਹਿ ॥
ਅਸੰਖ ਪਾਪੀ ਪਾਪ ਕਰ ਜਾਹਿ ॥
...... ...... ......
ਅਸੰਖ ਮਲੇਛ ਮਲੁ ਭਖਿ ਖਾਹਿ ॥ (ਜਪੁ ਜੀ)

ਕਿਸੇ ਦਾ ਗਲ ਵਢ ਕੇ ਖਾਣਾ ਸੰਜਮੀ ਖਾਣ[illegible] ਨਹੀਂ ਸਗੋਂ ਮਲੇਛ ਪੁਰਸ਼ਾਂ ਦਾ ਖਾਣਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ 'ਤ[illegible] ਪੀੜੀਐ' ਅਤੇ 'ਮਨ ਮਹਿ ਚਲਹਿ ਵਿਕਾਰ' ਵਾ[illegible] ਅਹਾਰ ਦਾ ਸੇਵਨ ਖਾਸ ਤੌਰ ਤੇ ਮਨ੍ਹਾ ਕੀਤਾ ਹੈ[illegible] ਇਤਨੇ ਸਪਸ਼ਟ ਗੁਰੂ ਫੁਰਮਾਣਾਂ ਦੀ ਉਲੰਘ[illegible] ਕਰਕੇ ਮਾਸ, ਮਛੀ ਖਾਸ ਸੁਆਦ ਨਾਲ ਖਾਂਦੇ ਹੋ[illegible] ਵੀ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਿ[illegible] ਅਖਵਾਣ ਦਾ ਦਾਹਵਾ ਕਰਦੇ ਹਾਂ ।

ਇਥੇ ਹੀ ਬਸ ਨਹੀਂ ਸਿਖ ਰਹਿਤ ਮਰਯਾ[illegible] ਵਿਚ ਵੀ ਮਾਸ ਖਾਣਾ ਮਨ੍ਹਾ ਹੈ ਕੇਵਲ ਮਨ੍ਹਾ [illegible]


www.AKJ.Org

ਨਹੀਂ ਸਗੋਂ ਬਜਰ ਕੁਰਹਿਤਾਂ ਵਿਚ ਗਿਣਿਆ ਹੈ।

ਸਿਖ ਧਰਮ ਦੀਆਂ ਚਾਰ ਕੁਰਹਿਤਾਂ ਵਿਚੋਂ ਇਕ ਹੈ:— ਕੁੱਠਾ ਖਾਣਾ। ਕੁੱਠਾ ਤੋਂ ਭਾਵ ਹੈ ਮਾਸ ਜਾਂ ਕੁਹਿਆ ਹੋਇਆ।

ਸ਼ਬਦ ਕੁੱਠਾ ਕੁਹਣ ਧਾਤੂ ਤੋਂ ਨਿਕਲਿਆ ਹੈ, ਕੁਹਣ ਦਾ ਮਤਲਬ ਹੈ ਕਿਸੇ ਤੇਜ ਧਾਰ ਹਥਿਆਰ ਨਾਲ ਕਿਸੇ ਦਾ ਗਲਾ ਕਟ ਕੇ ਮਾਰਨਾ ਹੈ। ਇਸ ਤੋਂ ਸਪਸ਼ਟ ਤੌਰ ਤੇ ਮਾਸ ਸਿਧ ਹੁੰਦਾ ਹੈ, ਪਰ ਮਾਸਾ ਹਾਰੀਆਂ ਅਤੇ ਜ਼ਬਾਨ ਸੁਆਦ ਦੇ ਚਸਕਾ ਮਾਰਿਆਂ ਨੇ ਇਸ ਕੁੱਠਾ ਸ਼ਬਦ ਦਾ ਮਤਲਬ ਅਪਣੇ ਮਨ ਨਾਲ ਹੀ ਘੜ ਕੇ ਮੁਸਲਮਾਨੀ ਤਰੀਕੇ ਨਾਲ ਬਣਾਏ ਮਾਸ ਦਾ ਕਰਕੇ ਆਪਣੀ ਜੀਭ ਦਾ ਸੁਆਦ ਪੂਰਾ ਕਰਨ ਲਈ ਮਾਸ ਬਣਾਣ ਦਾ ਕਰਕੇ ਉਸ ਦਾ ਨਾਉ ਹਲਾਲ ਪ੍ਰਸਿਧ ਕਰ ਦਿਤਾ ਹੈ ਅਤੇ ਇਕ ਹੋਰ ਤਰੀਕਾ ਰਾਇਜ ਕਰਕੇ ਉਸਨੂੰ ਝਟਕਾ ਨਾਉਂ ਦੇ ਦਿਤਾ ਹੈਅਤੇ ਪ੍ਰਸਿਧ ਕਰ ਦਿਤਾ ਹੈ ਕਿ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਰਹਿਤ ਵਿਚ ਕੁਠਾ ਭਾਵ ਹਲਾਲ ਖਾਣਾ ਮਨ੍ਹਾ ਕੀਤਾ ਹੈ ਪਰ ਝਟਕਾ ਖਾਣ ਦੀ ਆਗਿਆ ਦਿਤੀ ਹੈ, ਹਾਲਾਂਕਿ ਪੁਰਾਤਨ ਰਹਿਤ ਨਾਮਿਆਂ ਵਿਚ ਕੇਵਲ ਸ਼ਬਦ ਕੁਠਾ ਹੀ ਆਇਆ ਹੈ ਜੋ ਕਿ ਖਾਣਾ ਮਨਾ ਕੀਤਾ ਹੋਇਆ ਹੈ ਪਰ ਕਿਸੇ ਹੋਰ ਮਾਸ ਝਟਕਾ ਆਦਿ ਦੇ ਖਾਣ ਦੀ ਆਗਿਆ ਕਿਧਰੇ ਨਹੀਂ, ਝਟਕਾ ਸ਼ਬਦ ਹੀ ਕਿਧਰੇ ਨਹੀਂ ਵਰਤਿਆ ਗਿਆ ਕੁਠਾ ਦਾ ਭਾਵ ਹੈ ਮਾਸ ਭਾਵੇਂ ਉਹ ਝੱਟਕਾ ਹੋਵੇ ਤੇ ਭਾਵੇ ਹਲਾਲ, ਭਾਵੇਂ ਬਕਰੇ ਦਾ ਹੋਵੇ, ਭਾਵੇ ਮੁਰਗੇ ਦਾ, ਭਾਵੇਂ ਮਛੀ ਦਾ ਤੇ ਭਾਵੇਂ ਕਿਸੇ ਹੋਰ ਪਸੂ ਜਾਂ ਪੰਛੀ ਦਾ ਅਤੇ ਸੂਅਰ ਆਦ ਦਾ, ਕੀ ਹਲਾਲ ਜਾਂ ਝਟਕਾ ਕਰਨ ਨਾਲ ਹਲਾਲ ਤੇ ਝਟਕੇ ਵਾਲੇ ਮਾਸ ਦਾ ਸੁਆਦ ਵਖ ਵਖ ਹੁੰਦਾ ਹੈ? ਤਾਸੀਰ ਭਿੰਨ ਭਿੰਨ ਹੁੰਦੀ ਹੈ ? ਕੀ ਰੰਗ ਅਡਰਾ ਅਡਰਾ ਹੁੰਦਾ ਹੈ ? ਕੀ ਫਰਕ ਹੁੰਦਾ ਹੈ ਝਟਕੇ ਤੇ ਹਲਾਲ ਵਿਚ। ਕੀ ਬਣੇ ਹੋਏ ਮਾਸ ਦੀ ਕੋਈ ਪਛਾਣ ਹੈ ? ਕਿ ਇਹ ਝਟਕਾ ਹੈ ਅਤੇ ਇਹ ਹਲਾਲ ਹੈ ?

ਪਰ ਉਪਰੋਕਤ ਢਕਵੰਜ ਕਢਣ ਵਾਲੇ ਇਹਨਾਂ 'ਸੁਆਦਤ ਜੀਅ ਸੰਘਾਰਨ ਹਾਰਿਆਂ ਨੇ ਇਹ ਨਹੀਂ ਵਿਚਾਰ ਕੀਤੀ ਕਿ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਨੇ ਸਿਖ ਰਹਿਤ ਮਰਯਾਦਾ ਦਾ ਖਰੜਾ ਬਣਾਣ ਲਗੇ ਪਵਿਤ੍ਰ ਗੁਰਬਾਣੀ ਦੇ ਆਸ਼ੇ ਨੂੰ ਅਖੋਂ ਉਹਲੇ ਨਹੀਂ ਕੀਤਾ ਸਗੋਂ ਉਹਨਾਂ ਨੇ ਤਾਂ ਸਿਖ ਦੀ ਘਾੜਤ ਇਸ ਦੀ ਰਹਿਤ ਦੀ ਘਾੜਤ ਜਿਹੜੀ ਕਿ ਪਹਿਲੇ ਨੌ ਦੇ ਨੌ ਸਤਿਗੁਰੂ ਘੜ ਗਏ ਸਨ, ਉਸੇ ਨੂੰ ਕੇਵਲ ਅੰਤਮ-ਛੁਹ ਹੀ ਦਿਤੀ ਹੈ 'ਪਵਿਤ੍ਰ ਗੁਰਬਾਣੀ ਜਿਹੜੀ ਕਿ ਸਾਰੀ ਦੀ ਸਾਰੀ ਆਪ ਜੀ ਨੇ ਆਤਮ ਬਲ ਨਾਲ ਉਚਰ ਕੇ ਮੁੜ ਲਿਖਵਾਈ ਸੀ, ਜਿਸਨੂੰ ਕਿ ਅੰਤ ਵਿਚ ਆਪ ਜੀ ਨੇ ਅਪਣੇ ਹਥੀਂ ਗੁਰਿਆਈ ਦਿਤੀ ਸੀ, ਦੀ ਉਲੰਘਣ ਕੀ ਉਹ ਆਪ ਹੀ ਕਰ ਸਕਦੇ ਸਨ, ਉਪਰੋਕਤ ਢੁਚਰ ਕਢਣ ਵਾਲੇ ਇਸ ਤਰਾਂ ਦਾ ਪ੍ਰਚਾਰ ਕਰਕੇ ਸਤਿਗੁਰੂ ਗੋਬਿੰਦ ਸਿੰਘ ਜੀ ਉਤੇ ਪਵਿਤ੍ਰ ਗੁਰੂ ਬਾਣੀ ਦੇ ਹੁਕਮਾਂ ਦੀ ਉਲੰਘਣਾ ਦਾ ਇਲਜ਼ਾਮ ਲਾਣ ਦੇ ਪਾਪ ਦੇ ਭਾਗੀ ਬਣੇ ਹਨ।

ਜਿਥੋਂ ਤੀਕ ਜੀਅ ਮਾਰਨ ਦਾ ਸੰਬੰਧ ਹੈ ਸਤਿਗੁਰੂ ਆਪ ਫੁਰਮਾਂਦੇ ਹਨ—

ਮਜ਼ਨ ਤੇਗ਼ੇ ਬਰ ਖ਼ੂਨੇ ਕਸਬੇ ਦਰੇਗ਼

ਕਿਸੇ ਦੀ ਵੀ ਗਰਦਨ ਤੇ ਬੇ ਦਰੇਗ਼ ਛੁਰੀ ਨ ਚਲਾ॥

ਕੀ ਆਪ ਸਤਿਗੁਰੂ ਜਿਹੜੇ ਕਿ ਕਿਸੇ ਦੀ ਗਰਦਨ ਤੇ ਛੁਰੀ ਨ ਚਲਾਣ ਦਾ ਉਪਦੇਸ਼ ਦੇਂਦੇ ਹਨ ਆਪਣੇ ਸਿਖਾਂ ਨੂੰ ਜੀਆਂ ਨੂੰ ਮਾਰਨ ਤੇ ਮਾਰਕੇ ਉਹਨਾਂ ਦਾ ਮਾਸ ਖਾਣ ਦੀ ਆਗਿਆ ਦੇ ਸਕਦੇ ਹਨ ?

ਇਹਨਾਂ 'ਸੁਆਦਤਿ ਜੀਅ ਸੰਘਾਰਿਆਂ' ਨੇ ਚਤੁਰਾਈ ਨਾਲ ਸ਼ਬਦ 'ਝਟਕਾ' ਘੜ ਕੇ ਆਪਣੇ ਮਨ ਨਾਲ ਹੀ ਇਸ ਦੀ ਆੜ ਵਿਚ ਮਾਸ ਖਾਣ ਦੀ ਖੁਲ੍ਹ ਲੈ ਲਈ ਹੈ ਪਰ ਜਾਪਦਾ ਹੈ ਕਿ ਸ਼ਬਦ ਝਟਕਾ ਘੜ ਕੇ ਰਹਿਤਨਾਮਿਆਂ ਵਿਚ ਇਸ ਸ਼ਬਦ ਦੀ ਵਰਤੋਂ ਨ ਵੇਖਕੇ ਸੰਤੁਸ਼ਟ ਹੋ ਬੈਠੇ ਹਨ ਪਰ


www.AKJ.Org

ਇਹਨਾਂ ਨੇ ਪਵਿਤ੍ਰ ਗੁਰਬਾਣੀ ਵਲ ਗਹੁ ਨਹੀਂ ਕੀਤਾ :—

ਇਨ ਝਟਕਾ ਉਨ ਬਿਸਮਲ ਕੀਆ ਦਇਆ ਦੁਹਾਂ ਤੇ ਭਾਗੀ ॥
(ਕਬੀਰ ਜੀ)

ਭਾਵੇਂ ਕੋਈ ਝਟਕਾ ਕਰੇ ਤੇ ਭਾਵੇਂ ਹਲਾਲ ਕਰੇ, ਉਸ ਦੇ ਮਨ ਵਿਚ ਦਇਆ ਨਹੀਂ, ਉਹ ਨਿਰਦਈ ਹੈ, ਜ਼ਾਲਮ ਹੈ।

ਇਹਨਾਂ 'ਸੁਆਦਤਿ ਜੀਅ ਸੰਘਾਰਿਆਂ' ਨੇ ਇਕ ਹੋਰ ਚਤਰਾਈ ਵੀ ਕੀਤੀ ਹੋਈ ਹੈ ਉਹ ਇਹ ਚੂੰਕਿ ਪਵਿਤ੍ਰ ਗੁਰਬਾਣੀ ਵਿਚ ਇਕ ਸ਼ਬਦ 'ਮਹਾਂ ਪ੍ਰਸਾਦ' ਆਮ ਵਰਤਿਆ ਗਿਆ ਹੈ ਅਤੇ ਉਸ ਦੀ ਬਹੁਤ ਹੀ ਮਹਾਨਤਾ ਹੈ ਸਗੋਂ ਮਹਾਂ ਪ੍ਰਸਾਦ ਸ਼ਰਧਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਇਹਨਾਂ ਮਾਸਾ ਹਾਰੀਆਂ ਨੇ ਕਮਾਲ ਚਤਰਾਈ ਨਾਲ ਇਸ ਮਾਸ ਦਾ ਨਾਉਂ ਮਹਾਂ ਪ੍ਰਸ਼ਾਦ ਰਖ ਲਿਆ ਹੈ, ਇਸ ਤਰਾਂ ਉਹ ਗੁਰਮਤਿ ਦੀਆਂ ਸਾਹਿਤਕ ਰਵਾਇਤਾਂ ਨੂੰ ਬਦਲ ਦੇਣ ਦੇ ਪਾਪ ਦੇ ਭਾਗੀ ਬਣ ਰਹੇ ਹਨ। 'ਮਹਾਂ ਪਰਸਾਦ' ਤ੍ਰੈ ਭਾਵਨ ਨੂੰ ਅਥਵਾ ਕੜਾਹ ਪ੍ਰਸ਼ਾਦ ਨੂੰ ਆਖਿਆ ਗਿਆ ਹੈ:—

ਸਾਧ ਸੰਗਤ ਅਸਨ ਬਸਨ ਕੈ ਮਹਾਂ ਪ੍ਰਸਾਦਿ
ਸੋਈ ਤੌ ਅਸਾਧ ਸੰਗ ਬਿਸਮ ਅਹਾਰ ਹੈ ॥
(ਭਾਈ ਗੁਰਦਾਸ ਜੀ)

"ਮਹਾਂ ਪ੍ਰਸਾਦ" ਮਾਸ ਨਹੀਂ ਸਗੋਂ ਕੜਾਹ ਪ੍ਰਸਾਦ ਹੈ ॥
(ਟੀਕਾਕਾਰ ਗਿ: ਬਿਸ਼ਨ ਸਿੰਘ)

ਗੁਰਮਤਿ ਵਿਚ ਮਾਸ ਇਤਨੀ ਘ੍ਰਿਣਤ ਵਸਤੂ ਮੰਨੀ ਗਈ ਹੈ ਕਿ ਇਸ ਨੂੰ ਕਿਸੇ ਗੁਰਦੁਆਰੇ, ਗੁਰੂਧਾਮ, ਗੁਰੂ ਕੇ ਲੰਗਰ, ਬ੍ਰਹਮ ਭੋਜ ਅਤੇ ਸਾਧ ਭੋਜ ਵਿਚ ਵਰਤਣ ਦੀ ਆਗਿਆ ਨਹੀਂ ਹੈ। ਇਹ ਗੁਰੂ ਘਰ ਦੀ ਹੱਦ ਦੇ ਅੰਦਰ ਲਿਜਾਣਾ ਮਨ੍ਹਾਂ ਹੈ। ਨਾ ਹੀ ਇਹ ਗੁਰੂ ਘਰ ਦੀ ਹੱਦ ਦੇ ਅੰਦਰ ਸੇਵਨ ਹੀ ਕੀਤਾ ਜਾ ਸਕਦਾ ਹੈ। ਕਿਸੇ ਤਾਰੀਖ ਜਾਂ ਕਿਸੇ ਇਤਿਹਾਸ ਚੋਂ ਵੀ ਇਸ ਦਾ ਗੁਰਸਿਖਾਂ ਦੇ ਭੋਜਨ ਦਾ ਹਿਸਾ ਸਿਧ ਹੋਣ ਦਾ ਸੰਕੇਤ ਨਹੀਂ ਮਿਲਦਾ। ਕਿਸੀ ਗੁਰੂ-ਵਿਅਕਤੀ ਨੇ, ਕਿਸੇ ਵੇਲੇ ਵੀ ਇਸ ਦੀ ਵਰਤੋਂ ਕੀਤੀ ਹੋਵੇ, ਐਸਾ ਕਿਧਰੋਂ ਵੀ ਹਵਾਲਾ ਨਹੀਂ ਮਿਲਦਾ। ਉਚ ਦੇ ਪੀਰ ਦੇ ਬਾਣੇ ਵਿਚ ਦਸਮੇਸ਼ ਪਿਤਾ ਨੂੰ ਜਦੋਂ ਮੁਸਲਮਾਨਾਂ ਵਲੋਂ ਮਾਸ ਦਾ ਭੋਜਨ ਭੇਜਿਆ ਗਿਆ ਤਾਂ ਉਹ ਵੀ ਆਪ ਜੀ ਨੇ ਕ੍ਰਿਪਾਨ ਭੇਟ ਨਾਲ ਕੜਾਹ ਪ੍ਰਸ਼ਾਦ ਵਿਚ ਬਦਲ ਕੇ ਹੀ ਸੇਵਨ ਕੀਤਾ ਸੀ। ਜਿਹੜੀ ਵਸਤੂ ਗੁਰੂ ਘਰ ਵਿਚ ਪ੍ਰਵੇਸ਼ ਨਹੀਂ ਕਰ ਸਕਦੀ, ਜਿਹੜੀ ਚੀਜ਼ ਗੁਰੂ ਹਜ਼ੂਰੀ ਵਿਚ ਨਹੀਂ ਲਿਜਾਈ ਜਾ ਸਕਦੀ। ਜਿਸ ਵਸਤੂ ਨੂੰ ਗੁਰੂ ਦਾ ਭੋਗ ਨਹੀਂ ਲਵਾਇਆ ਜਾ ਸਕਦਾ ਉਹ ਵਸਤੂ ਗੁਰਸਿਖਾਂ ਲਈ ਖਾਣ ਯੋਗ ਕਿਵੇਂ ਹੋ ਸਕਦੀ ਹੈ।

ਅਜ ਵੀ ਅਖੰਡ ਪਾਠ ਭਾਵੇਂ ਗ਼ਮੀ ਦਾ ਹੋਵੇ ਭਾਵੇਂ ਖੁਸ਼ੀ ਦਾ, ਇਸਦੀ ਸਮਾਪਤੀ ਪਿਛੋਂ ਬਣਾਈ ਰੋਟੀ ਵਿਚ ਮਾਸ ਨਹੀਂ ਬਣਾਇਆ ਜਾਂਦਾ। ਮਰਨੇ ਪਰਨੇ ਦੀ ਰੋਟੀ ਵਿਚ ਵੀ ਮਾਸ ਬਨਾਣ ਦਾ ਰਵਾਜ ਨਹੀਂ ਹੈ। ਬੁਢ-ਮਰਨੇ ਦੀ ਰੋਟੀ ਵਿਚ ਹਲਵਾ ਬਣਦਾ ਹੈ, ਪੂਰੀਆਂ ਬਣਾਈਆਂ ਜਾ ਸਕਦੀਆਂ ਹਨ, ਖੀਰ ਤੇ ਪੁਲਾਅ ਬਣ ਸਕਦੇ ਹਨ ਪਰ ਮਾਸ ਨਹੀਂ ਬਣਾਇਆ ਜਾ ਸਕਦਾ, ਵਿਆਹ ਦੇ ਸਮਾਗਮਾਂ ਵਿਚ ਵੀ ਉਹਨਾਂ ਲੋਕਾਂ ਨੂੰ ਛਡ ਕੇ ਜਿਨ੍ਹਾਂ ਨੂੰ ਕਿ ਪਵਿਤ੍ਰ ਗੁਰਬਾਣੀ ਨੇ 'ਅਤਿ ਅੰਨ੍ਹਾ ਬੋਲਾ' ਅਤੇ 'ਸ਼ਬਦ ਨ ਸੁਣਈ ਬਹੁ ਰੋਲ ਘਚੋਲਾ' ਆਖਿਆ ਹੈ, ਹੋਰ ਕੋਈ ਸਜਣ ਮਾਸ ਨਹੀਂ ਬਣਾਂਦਾ। ਇਹ ਜਿਨ੍ਹਾਂ ਨੂੰ 'ਅਤਿ ਅੰਨ੍ਹਾ ਬੋਲਾ, ਸ਼ਬਦ ਨ ਸੁਣਈ ਬਹੁ ਰੋਲ ਘਚੋਲਾ' ਆਖਿਆ ਗਿਆ ਹੈ ਇਹਨਾਂ ਦੇ ਘਰਾਂ ਵਿਚ ਵਿਆਹ ਸ਼ਾਦੀਆਂ ਸਮੇਂ, ਕਈ ਪ੍ਰਕਾਰ ਦੇ ਮਾਸ, ਮੁਰਗੇ, ਮੱਛੀ; ਚਿਕਨ ਸੂਪ ਤੇ ਸ਼ਰਾਬਾਂ ਖੁਲੇ ਤੌਰ ਤੇ ਉਡਦੇ ਹਨ। ਇਥੇ ਹੀ ਬਸ ਨਹੀਂ ਪਾਨ ਤੇ ਸਿਗਰਟ ਵੀ ਇਹਨਾਂ ਦੇ ਘਰਾਂ ਵਿਚ ਵਰਤੀਂਦੇ ਵੇਖੇ ਜਾਂਦੇ ਹਨ।

ਗੁਰਮਤਿ ਮਰਯਾਦਾ ਅਨੁਸਾਰ ਮਾਸ ਖਾ ਕੇ ਕੋਈ ਮਨੁਖ ਸੰਗਤ ਵਿਚ ਗੁਰੂ ਗ੍ਰੰਥ ਸਾਹਿਬ ਦੇ


www.AKJ.Org

ਤਾਬਿਆ ਨਹੀਂ ਬੈਠ ਸਕਦਾ, ਮਾਸ ਖਾ ਕੇ ਕੋਈ ਅਖੰਡ ਪਾਠ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ, ਮਾਸ ਖਾ ਕੇ ਆਏ ਪ੍ਰਾਣੀ ਨੂੰ ਅੰਮ੍ਰਿਤ ਪਾਨ ਨਹੀਂ ਕਰਾਇਆ ਜਾਂਦਾ, ਮਾਸ ਖਾ ਕੇ ਆਏ ਕਿਸੇ ਸਜਣ ਨੂੰ ਕਿਸੇ ਤਖ਼ਤ ਸਾਹਿਬ ਤੇ ਚੜ੍ਹਨ ਨਹੀਂ ਦਿਤਾ ਜਾ ਸਕਦਾ।

ਜਿਤਨੇ ਵੀ ਮਹਾਂਪੁਰਸ਼, ਨਾਮ ਬਾਣੀ ਦੇ ਅਭਿਆਸੀ ਹੋਏ ਹਨ ਜਾਂ ਅਜ ਵੀ ਹਨ ਤਕਰੀਬਨ ਸਾਰੇ ਹੀ ਇਸ ਅਭਖ ਵਸਤੂ ਨੂੰ ਸੇਵਨ ਕਰਨ ਤੋਂ ਵਰਜਦੇ ਹਨ।

ਵਿਗਿਆਨਕ ਦ੍ਰਿਸ਼ਟੀ ਕੋਣ ਤੋਂ ਵੀ ਮਾਸ ਖਾਣਾ ਮਨੁਖ ਲਈ ਹਾਨੀਕਾਰਕ ਹੈ। ਕੁਦਰਤ ਦੇ ਨਿਯਮਾਂ ਨੂੰ ਵੇਖਿਆਂ ਵੀ ਇਹੋ ਹੀ ਸਿਧ ਹੁੰਦਾ ਹੈ, ਕਿ ਮਾਸ ਮਨੁਖ ਦੀ ਖੁਰਾਕ ਨਹੀਂ ਹੈ। ਮਾਸਾਹਾਰੀ ਪਸ਼ੂ, ਸ਼ੇਰ, ਬਗਿਆੜ, ਕੁੱਤਾ, ਬਿਲੀ ਆਦਿ ਦੇ ਦੰਦਾਂ ਦੀ ਬਣਤਰ ਨੂੰ ਜੇ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਉਹ ਘਾਹ ਖਾਣ ਵਾਲੇ ਜਾਨਵਰਾਂ ਅਤੇ ਅੰਨ ਖਾਣ ਵਾਲੇ ਮਨੁਖਾਂ ਤੋਂ ਬਿਲਕੁਲ ਵਖਰੀ ਹੈ। ਉਹਨਾਂ ਦੇ ਦੰਦ ਨੋਕੀਲੇ, ਲੰਮੇ ਤੇ ਪਤਲੇ ਹੁੰਦੇ ਹਨ। ਘਾਹ ਖਾਣ ਵਾਲੇ ਪਸ਼ੂ ਗਊਆਂ ਆਦਿ ਦੇ ਦੰਦ ਚੌੜੇ ਅਤੇ ਮਨੁਖਾਂ ਦੇ ਕੁਝ ਇਹਨਾਂ ਨਾਲ ਮਿਲਦੇ ਜੁਲਦੇ ਅਤੇ ਕੁਝ ਜ਼ਰਾ ਵਖਰੇ। ਸੋ ਮਾਸ ਹਰਗਿਜ਼ ਮਨੁਖ ਦੀ ਖੁਰਾਕ ਨਹੀਂ ਹੈ।

ਸੰਨ ਈਸਵੀ 1918 ਵਿਚ ਫ਼ਰਾਂਸ ਵਿਖੇ ਇਕ ਇੰਟਰਐਲੀਡ ਕਾਨਫਰੰਸ, ਕੌਮਾਂ ਦੀ ਖੁਰਾਕ ਦੀ ਪੜਤਾਲ ਲਈ ਹੋਈ ਸੀ ਜਿਸ ਵਿਚ ਅਮਰੀਕਾ, ਫ਼ਰਾਂਸ ਤੇ ਇਟਲੀ ਅਤੇ ਬੈਲਜੀਅਮ ਦੇ 9 ਡਾਕਟ੍ਰਾਂ ਦਾ ਇਕ ਕਮਿਸ਼ਨ ਬਣਾਇਆ ਗਿਆ ਜਿਸਦੇ ਜ਼ੁਮੇ ਖੁਰਾਕ ਦੀ ਖੋਜ ਕਰਕੇ ਰੀਪੋਰਟ ਪੇਸ਼ ਕਰਨ ਦੀ ਡੀਊਟੀ ਲਾਈ ਗਈ। 33 ਸਾਲ ਦੀ ਪੜਤਾਲ ਤੇ ਪੜਚੋਲ ਪਿਛੋਂ 1951 ਵਿਚ ਇਸ ਬੋਰਡ ਨੇ ਆਪਣੀ ਰੀਪੋਰਟ ਵਿਚ ਆਖਿਆ :—

ਬੜੀ ਖੋਜ ਤੇ ਵਿਚਾਰ ਤੋਂ ਉਪ੍ਰੰਤ ਇਹ ਮੰਨਣਾ ਪੈਂਦਾ ਹੈ ਕਿ ਮਾਸ ਖਾਣਾ ਮਨੁਖ ਵਾਸਤੇ ਕਿਸੇ ਤਰਾਂ ਵੀ ਲਾਭਦਾਇਕ ਅਤੇ ਜ਼ਰੂਰੀ ਨਹੀਂ ਹੈ।

(ਰੋਜ਼ਾਨਾ ਨਵਾਂ ਹਿੰਦੁਸਤਾਨ 22-12-61)

ਅਮਰੀਕਾ ਦੇ ਐਗਰੀਕਲਚਰਲ ਮਹਿਕਮੇ ਦੇ ਪ੍ਰਸਿਧ ਡਾ: ਚਿਟਨ ਡੈਨ ਪੀ.ਐਚ.ਡੀ.ਐਸ., ਸੀ.ਡੀ.ਐਲ.ਡੀ. ਲਿਖਦੇ ਹਨ :—

ਅਮ੍ਰੀਕਾ ਵਿਚ ਸਿਪਾਹੀ ਦੀ ਖੁਰਾਕ ਵਿਚ ਪਹਿਲਾਂ 22 ਔਂਸ ਮਾਸ ਦਿਤਾ ਜਾਂਦਾ ਸੀ। ਤਜਰਬੇ ਵਜੋਂ ਮਾਸ 22 ਔਂਸ ਤੋਂ ਘਟਾ ਕੇ ਕੇਵਲ ਇਕ ਔਂਸ ਰਹਿਣ ਦਿਤਾ ਗਿਆ ਅਤੇ 6 ਮਹੀਨੇ ਦੇ ਤਜਰਬੇ ਵਿਚ ਹੀ ਸਪਸ਼ਟ ਹੋ ਗਿਆ ਕਿ ਨਿਰਾਮਸ਼ ਭੋਜਨ ਜਾਂ ਬਰਾਏ ਨਾਮ ਮਾਸ ਵਾਲੇ ਭੋਜਨ ਨਾਲ ਉਹਨਾਂ ਵਿਚ ਕੰਮ ਕਰਨ ਦੀ ਯੋਗਤਾ ਤੇ ਉਤਸ਼ਾਹ ਅਗੇ ਨਾਲੋਂ ਵਧ ਸੀ, ਫੁਰਤੀ ਵੀ ਪਹਿਲੇ ਨਾਲੋਂ ਵਧੇਰੇ ਸੀ, ਸਿਹਤ ਵੀ ਪਹਿਲਾਂ ਨਾਲੋਂ ਚੰਗੀ ਅਤੇ ਉਹ ਪਹਿਲਾਂ ਨਾਲੋਂ 50 % ਵਧ ਤਕੜੇ ਸਨ।

(ਨੇਚਰ ਐਂਡ ਹੂਮੈਨ ਡਾਈਟ ਪੰਨਾ 31)

ਆਮ ਤੌਰ ਤੇ ਵੇਖਣ ਵਿਚ ਆਉਂਦਾ ਹੈ ਕਿ ਮਾਸ ਖਾਣ ਵਾਲਿਆਂ ਦੇ ਦੰਦ ਸਦਾ ਰੋਗੀ ਰਹਿੰਦੇ ਹਨ ਅਤੇ ਉਹਨਾਂ ਨੂੰ ਜਲਦੀ ਹੀ ਬਣਾਉਟੀ ਦੰਦਾਂ ਦੀ ਲੋੜ ਪੈ ਜਾਂਦੀ ਹੈ। ਉਹਨਾਂ ਦੀ ਨਜ਼ਰ ਵੀ ਕਮਜ਼ੋਰ ਰਹਿੰਦੀ ਹੈ ਅਤੇ ਹਾਜ਼ਮਾ ਵੀ ਵਿਗੜਿਆ ਹੀ ਰਹਿੰਦਾ ਹੈ।

ਸਿਖ ਧਰਮ ਚੂੰਕਿ ਇਕ ਕੁਦਰਤੀ ਅਤੇ ਵਿਗਿਆਨਕ ਧਰਮ ਹੈ ਇਸ ਲਈ ਕੋਈ ਗ਼ੈਰ ਕੁਦਰਤੀ ਅਤੇ ਵਿਗਿਆਨ ਵਿਰੋਧੀ ਗਲ ਗੁਰਮਤਿ ਅਨਕੂਲ ਹੋ ਹੀ ਨਹੀਂ ਸਕਦੀ। ਮਾਸ ਖਾਣਾ ਚੂੰਕਿ ਮਨੁਖ ਲਈ ਗੈਰ ਕੁਦਰਤੀ ਅਤੇ ਅਵਿਗਿਆਨਕ ਹੈ ਇਸ ਲਈ ਗੁਰਮਤਿ ਵਿਚ ਵਰਜਤ ਹੈ। ਪਵਿਤ੍ਰ ਗੁਰਬਾਣੀ ਵਿਚ ਮਾਸ ਖਾਣ ਨੂੰ ਕੁਦਇਆ, ਅਧਰਮ, ਪਾਪ, ਮਲੇਛ ਖਾਣਾ, ਹਤਿਆ, ਬੇਸ਼ਰਮੀ ਸਰਬਤ ਧਰਮ ਕਰਮ ਅਤੇ ਤੀਰਥ ਵਰਤਾਂ ਦੇ ਸਰਬ ਫਲ ਨਾਸਕ ਦਸਿਆ ਹੈ ਅਤੇ ਮਾਸ ਖਾਣ ਵਾਲਿਆਂ ਨੂੰ ਕਸਾਈ, ਜ਼ਾਲਮ,


www.AKJ.Org

ਪਾਪੀ, ਮਲੇਛ, ਬੇਸ਼ਰਮ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ।

ਇਸੇ ਤਰਾਂ ਸ਼ਰਾਬ ਵੀ ਗੁਰਮਤਿ ਵਿਚ ਸਖ਼ਤ ਮਨ੍ਹਾ ਹੈ। ਅਸਲ ਵਿਚ ਸ਼ਰਾਬ ਤਾਂ ਹਰ ਧਰਮ ਵਿਚ ਹੀ ਮਨ੍ਹਾ ਹੈ ਪਰ ਗੁਰਮਤਿ ਵਿਚ ਖਾਸ ਤੌਰ ਤੇ ਸਖਤੀ ਨਾਲ ਵਰਜਤ ਕੀਤੀ ਹੈ। ਇਸ ਘ੍ਰਿਣਤ ਵਸਤੂ ਬਾਰੇ ਗੁਰਬਾਣੀ ਵਿਚ:—

ਬਾਬਾ ਹੋਰੁ ਖਾਣਾ ਖੁਸੀ ਖੁਆਰੁ।
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰੁ ॥

ਤੋਂ ਛੁਟ ਖ਼ਾਸ ਤੌਰ ਤੇ ਸਖ਼ਤੀ ਨਾਲ ਪਾਬੰਦੀ ਲਾਈ ਗਈ ਹੈ:—

"ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਵਿਕਾਰ"
(ਵਾਰ ਬਿਹਾਗੜਾ ਮ: ੪)

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰ ਵਸਾਇ।
(ਵਾਰ ਬਿਹਾਗੜਾ ਮ: ੪)

ਜਿਤੁ ਪੀਤੈ ਮਤਿ ਦੂਰਿ ਹੋਇ ਬਰਲ ਪਵੈ ਵਿਚ ਆਇ।

ਪਵਿਤ੍ਰ ਗੁਰਬਾਣੀ ਨੇ ਇਸ ਬਾਰੇ ਇਤਨਾ ਕੁਝ ਆਖਣਾ ਕਾਫੀ ਨਹੀਂ ਸਮਝਿਆ ਅਤੇ ਸ਼ਰਾਬ ਪੀਣ ਵਾਲਿਆਂ ਲਈ ਜੋ ਕੁਝ, ਜਿਹਨਾ ਸਖਤ ਸ਼ਬਦ ਵਿਚ ਤਾੜਨਾ ਕੀਤੀ ਹੈ ਉਹਨਾਂ ਤੋਂ ਪਿਛੋਂ ਤਾਂ ਕੋਈ ਬਾ ਗੈਰਤ ਆਦਮੀ ਸ਼ਰਾਬ ਦਾ ਪੁਜਾਰੀ ਨਹੀਂ ਰਹਿ ਸਕਦਾ, ਉਹ ਸ਼ਬਦ ਹਨ:—

ਦੁਰਮਤਿ, ਮਦੁ ਜੋ ਪੀਵਤੇ, ਬਿਖਲੀ ਪਤਿ, ਕਮਲੀ
(ਆਸਾ ਮਹਲਾ ੫

ਭਾਵ ਇਹ ਕਿ "ਜਿਹੜੇ ਸ਼ਰਾਬ ਪੀਂਦੇ ਹ ਉਹਨਾਂ ਦੀ ਮਤ ਭ੍ਰਿਸ਼ਟ ਹੋਈ ਹੋਈ ਹੈ, ਉ ਬਿਖਲੀ ਭਾਵ ਵੇਸਵਾ ਜਾਂ ਬਜ਼ਾਰੀ ਔਰਤ ਦੇ ਪ ਭਾਵ ਘਰ ਵਾਲੀ ਦੀ ਦਲਾਲੀ ਖਾਣ ਵਾਲੇ ਹ ਅਤੇ ਕਮਲੇ ਹਨ।

ਇਸ ਤਰਾਂ ਸਾਫ ਸਪਸ਼ਟ ਸ਼ਬਦਾਂ ਵਿ ਮਨਾਹੀ ਦੇ ਬਾਵਜੂਦ ਵੀ ਅਤੇ ਸ਼ਰਾਬਾਂ ਦੀ ਵਰ ਕਰਨ ਵਾਲੇ ਇਹ ਸਭ ਕੁਝ ਜੀਭ ਦੇ ਸੁਆ ਲਈ ਹੀ ਕਰਦੇ ਹਨ ਉਹ 'ਸੁਆਦਤਿ ਜੀ ਸੰਘਾਰੇ' ਅਤੇ 'ਬਿਖਲੀ ਪਤਿ' ਹਨ 'ਉਹ 'ਆ ਦੇਖਿ ਅਵਰ ਨਹੀਂ ਦੇਖੇ' ਅਤੇ 'ਦੁਰਮਤਿ' ਵਾ ਹਨ, ਉਹ 'ਅਪਣੇ-ਭਾਣੇ ਵਿਚ ਚਲ ਰਹੇ ਹਨ ਅ 'ਗੁਰੂ ਕੇ ਭਾਣੇ 'ਦੀ ਬਿਲਕੁਲ ਵੀ ਪ੍ਰਵਾਹ ਨਹ ਕਰ ਰਹੇ, ਗੁਰਮਤਿ ਅਤੇ ਗੁਰਬਾਣੀ ਦ ਉਲੰਘਣਾ ਕਰ ਰਹੇ ਹਨ, ਗੁਰੂ ਹੁਕਮ ਨੂੰ ਪਿਠ ਰਹੇ ਹਨ।'

ਵਾਹਿਗੁਰੂ ਉਹਨਾਂ ਨੂੰ ਸੁਮੱਤ ਬਖਸ਼ੇ।

---

# 'ਸੂਰਾ' ਰਾਹੀਂ ਹੋ ਰਹੇ ਗੁਰਮਤਿ ਪ੍ਰਚਾਰ ਲਈ ਮਾਇਕ ਸਹਾਇਤਾ

ਹੇਠ ਲਿਖੇ ਗੁਰਮੁਖ ਪਿਆਰਿਆਂ ਨੇ ਗੁਰਮਤਿ ਪ੍ਰਚਾਰ ਨਾਲ ਪਿਆਰ ਕਰਦੇ ਹੋਏ ਇਸ ਮਾਸ ਪਤਰ ਦੀ ਤਰੱਕੀ ਲਈ ਮਾਇਕ ਸਹਾਇਤਾ ਭੇਜੀ ਹੈ। ਅਸੀਂ ਉਹਨਾਂ ਦਾ ਧੰਨਵਾਦ ਕਰਦੇ ਹਾਂ ਅ ਅਰਦਾਸ ਕਰਦੇ ਹਾਂ ਸਚਾ ਪਾਤਸ਼ਾਹ ਉਹਨਾਂ ਨੂੰ ਨਾਮ ਦੀਆਂ ਚੜ੍ਹਦੀਆਂ ਕਲਾਂ ਬਖਸ਼ੇ ਤੇ ਖ਼ਜ਼ਾਨੇ ਭਰਪੂ ਕਰੇ। ਸਿਖੀ ਜੀਵਨ ਤੇ ਸਿਦਕ ਭਰੋਸੇ ਦੀ ਦਾਤ ਬਖ਼ਸ਼ੇ। (ਐਡੀਟਰ)

| ਨੰ: | ਨਾਮ | ਸਹਾਇਤਾ ਵਜੋਂ ਆਈ ਰਕਮ ਦਾ ਵੇਰਵਾ |
|---|---|---|
| 1 | ਬੀਬੀ ਹਰਨਾਮ ਕੌਰ ਨਾਰੰਗਵਾਲ | 10-00 |
| 2 | ਭਾਈ ਜਸਵੰਤ ਸਿੰਘ ਜੀ ਪਟਿਆਲਾ | 2-50 |
| 3 | ਭਾਈ ਗੁਰਦੀਪ ਸਿੰਘ ਜੀ ਪਟਿਆਲਾ | 40-00 |
| 4 | ਗੁਰਮੁਖ ਪਿਆਰਾ ਬੰਬਈ | 51-00 |
| 5 | ਭਾਈ ਦਲੀਪ ਸਿੰਘ ਜੀ ਜੰਮੂ | 14-00 |


www.AKJ.org

# ਅ...ਨ...ਮੋ...ਲ ਰ...ਤ...ਨ

( ਸੰਕਲਤ ਕਰਤਾ–ਭਾਈ ਮਨਮੋਹਨ ਸਿੰਘ ਜੀ ਪਟਨਾ )

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸ੍ਵੈਜੀਵਨ ਕਥਾ ਜੋ 'ਜੇਲ੍ਹ ਚਿਠੀਆਂ ਦੇ ਰੂਪ ਵਿਚ ਪ੍ਰਕਾਸ਼ਤ ਹੈ, ਵਿਚੋਂ ਆਮ ਗੁਰਸਿਖਾਂ ਲਈ ਬੜੀਆਂ ਡੂੰਘੀਆਂ ਗੁਰਮਤਿ ਰਮਜ਼ਾਂ ਮਿਲਦੀਆਂ ਹਨ। ਉਨਾਂ ਦਾ ਸਾਰਾ ਜੀਵਨ ਗੁਰਸਿਖੀ ਆਸ਼ੇ ਅਨੁਸਾਰ ਚਲਣ ਦਾ ਸਿਰਤੋੜ ਯਤਨ ਹੈ। ਉਨਾਂ ਦੇ ਆਪਣੇ ਜੀਵਨ ਦੇ ਹਰ ਮਰਹਲੇ ਤੇ ਗੁਰਮਤਿ ਅਸੂਲਾਂ ਤੇ ਗੁਰ ਹੁਕਮਾਂ ਨੂੰ ਪਾਲਣ ਹਿਤ ਜਾਨ ਤਕ ਦੀ ਬਾਜ਼ੀ ਲਗਾਈ। ਗਲ ਕੀ ਨਿਰੋਲ ਗੁਰਮਤਿ ਜੀਵਨ ਦੀ ਇਕ ਮਿਸਾਲ ਹੈ ਉਨਾਂ ਦੀ ਸ੍ਵੈਜੀਵਨੀ।

'ਜੇਲ ਚਿਠੀਆਂ' ਪੜਦਿਆਂ ਪੜਦਿਆਂ ਕਈ ਥਾਈਂ ਇਜੇਹੇ ਸੋਹਣੇ ਢੁਕਵੇਂ ਅਖਰਾਂ ਵਿਚ ਗੁਰਮਤਿ ਅਸੂਲ ਪ੍ਰਗਟਾਏ ਗਏ ਹਨ ਕਿ ਜਿਨਾਂ ਤੂੰ ਰੋਜ਼ ਨਜ਼ਰ ਫੇਰਨ ਨਾਲ ਮਨ ਨੂੰ ਗੁਰਮਤਿ ਜੀਵਨੀ ਜੀਵਨ ਲਈ ਬਹੁਤ ਉਤਸ਼ਾਹ ਮਿਲਦਾ ਹੈ। ਇਸ ਲਈ ਅੰਦਰੋਂ ਹੀ ਇਹ ਪ੍ਰੇਰਨਾ ਹੋਈ ਹੈ ਕਿ ਇਜੇਹੇ ਅਨਮੋਲ ਰਤਨ ਰੂਪੀ ਵਾਕ, ਇਸ ਪੁਸਤਕ ਵਿਚੋਂ ਕਢਕੇ ਸੰਕਲਤ ਕੀਤੇ ਜਾਣ ਤਾਂ ਕਿ ਉਨਾਂ ਤੋਂ ਸਾਨੂੰ ਗੁਰਮਤਿ ਅਨੁਸਾਰ ਜੀਵਨ ਢਾਲਣ ਲਈ ਉਤਸ਼ਾਹ ਮਿਲ ਸਕੇ। ਪਹਿਲੀ ਕਿਸ਼ਤ ਹਾਜ਼ਰ ਹੈ।

ਦਾਸ—ਮਨਮੋਹਨ ਸਿੰਘ ਪਟਨਾ)

---

੧. ਜੇ ਜਗਿਆਸਾ ਅੰਮ੍ਰਿਤ ਅਧਿਕਾਰੀ ਦੀ ਪੂਰਨ ਹੋਵੇ ਤੇ ਗੁਰੂ ਕਰਣਾ ਅਨੁਸਾਰ ਪੰਜ ਪਿਆਰਿਆਂ ਦਾ ਸਮਾਗਮ ਗੁਰਮਤਿ ਕਸੌਟੀ ਅਨੁਸਾਰ 'ਪੰਚ ਪਰਵਾਨ ਪੰਚ ਪਰਧਾਨ' ਦੀ ਪਉੜੀ ਵਾਲਾ ਜੁੜ ਜਾਵੇ ਤਾਂ ਤਤ ਕਾਲ ਅੰਮ੍ਰਿਤ ਛਕਣ ਸਾਰ ਹੀ ਮਨ ਬਾਂਛਤ ਅੰਮ੍ਰਿਤ ਕਲਾ ਵਰਤ ਜਾਣ ਵਿਚ ਕੋਈ ਭੀ ਸੰਦੇਹ ਨਹੀਂ। (ਪੰ: ੩੫)

੨. ਨਾਮ—ਕੇਵਲ ਨਾਮ ਅਭਿਆਸ ਦੁਆਰਾ ਹੀ ਨਾਮੀ ਦੀ ਪ੍ਰਾਪਤੀ ਹੋ ਸਕਦੀ ਹੈ। ਨਾਮੀ ਦੀ ਪ੍ਰਾਪਤੀ ਹੀ ਮੇਰੇ ਖਾਲਸਾ ਧਰਮ ਧਾਰਨ ਕਰਨ ਦਾ ਮੁਖ ਪ੍ਰਯੋਜਨ ਸੀ। (ਪੰਨਾ ੫੭)

੩. ਗੁਰਦੇਵ ਬਾਝੋਂ ਹੋਰ ਕੋਈ ਨਾਮ ਦਸਣ ਤੇ ਦ੍ਰਿੜਾਉਣ ਨੂੰ ਸਮਰਥ ਨਹੀਂ। (ਪੰ: ੫੭)

੪. ਡਾਲੀ ਲੈਣਾ ਇਕ ਤਰਾਂ ਦੀ ਰਿਸ਼ਵਤ-ਖੋਰੀ ਹੈ। ਮੈਂ ਰਿਸ਼ਵਤ ਲੈਣ ਦੇਣ ਦੁਹਾਂ ਨੂੰ ਗੁਨਾਹ ਸਮਝਦਾ ਹਾਂ। ਜੋ ਧਾਰਮਕ ਅਸੂਲ ਅਨੁਸਾਰ ਗੁਨਾਹ ਹੈ ਉਹ ਕਾਨੂੰਨ ਅਨੁਸਾਰ ਭੀ ਜੁਰਮ ਹੈ। (ਪੰਨਾ ੧੦੭)

੫. ਮਲਬਾ ਫ਼ੰਡ ਕੋਹੜੀਆਂ ਕਲੰਕੀਆਂ ਵਾਸਤੇ ਹੈ, ਜਿਨ੍ਹਾਂ ਦੇ ਨਮਿਤ ਇਹ ਫ਼ੰਡ ਰਖਿਆ ਗਿਆ ਹੈ ਜਿਹੜੇ ਉਹਨਾਂ ਦੀ ਥਾਂ ਇਸ ਫ਼ੰਡ ਨੂੰ ਆਪ ਖਾਂਦੇ ਹਨ, ਉਹਨਾਂ ਨੂੰ ਕੋਹੜੀ ਕਲੰਕੀ ਹੀ ਸਮਝਣਾ ਚਾਹੀਦਾ ਹੈ। (ਪੰ: ੧੦੮)

੬. ਮੈਂ ਆਪਣੀ ਪ੍ਰਸੰਸਾ ਆਪਣੇ ਮੂੰਹ ਉਪਰ ਸੁਨਣਾ ਭੀ ਧਾਰਮਕ ਅਸੂਲਾਂ ਤੋਂ ਡਿਗਣਾ ਸਮਝਦਾ ਸੀ। ਇਸ ਵਾਸਤੇ ਮੈਂ ਤੜਕ ਉਥੋਂ


www.AKJ.Org

ਖਿਸਕਣ ਦੀ ਕੀਤੀ। (ਪੰਨਾ ੧੦੮)

੭. 'ਸਰਬ ਰੋਗ ਕਾ ਅਉਖਧੁ ਨਾਮੁ' ਦੇ ਗੁਰਵਾਕ ਅਨੁਸਾਰ ਜਿਤਨੇ ਭੀ ਸਰੀਰਕ ਤੇ ਮਾਨਸਕ ਰੋਗ ਹਨ ਸਭ ਦੀ ਦਾਰੂ ਔਖਧੀ ਇਕ ਨਾਮ—ਕੇਵਲ ਨਾਮ ਹੀ ਹੈ। (ਪੰਨਾ ੧੧੮)

੮. (ਪੰਜ) ਪਿਆਰਿਆਂ ਦੀ ਚੋਣ ਦਾ ਹੱਕ ਪੰਥ ਪ੍ਰਬੀਨ ਖਾਲਸਾ ਦੀਵਾਨ ਨੂੰ ਹੈ ਨਾਕਿ ਅੰਮ੍ਰਿਤ ਅਭਿਲਾਖੀਆਂ ਦੀ ਨਿਜ ਮਰਜ਼ੀ ਵਾਲੀ ਮਤਿ ਨੂੰ। ਅੰਮ੍ਰਿਤ ਅਭਿਲਾਖੀ ਬਪੁੜੇ ਜਗਿਆਸੂ ਜੀਵ ਭਲਾ ਉਚ ਅੰਮ੍ਰਿਤ ਕਲਾ ਖਿਡਾਰੀ ਗੁਰਮੁਖ ਪਿਆਰਿਆਂ ਦੀ ਯੋਗਤਾ ਸਬੰਧੀ ਕੀ ਅਨੁਮਾਨ ਲਗਾ ਸਕਦੇ ਹਨ,? (ਪੰਨਾ ੧੨੯)

੯. ਗੁਰੂ ਸਾਹਿਬ ਦਾ ਹੁਕਮ ਨਹੀਂ ਕਿ ਸਚਿਆਰ ਸਿਖ ਕੂੜਿਆਰ ਸਿਕਦਾਰਾਂ ਪਾਸੋਂ ਅਪਦਾ ਨਵਿਰਤੀ ਦੀ ਹਮਾਇਤ ਮੰਗਣ। (ਪੰ. ੧੪੮)

੧੦. ਮੈਨੂੰ ਇਹ ਕੋਈ ਪ੍ਰਵਾਹ ਨਹੀਂ ਕਿ ਜੇ ਮੈਂ ਸਚਾ ਹਾਂ ਤਾਂ ਇਕ ਆਦਮੀ ਕੀ, ਚਾਹੇ ਸਾਰੀ ਦੁਨੀਆਂ ਮੇਰੇ ਤੇ ਤੁਹਮਤ ਲਾਵੇ ਅਤੇ ਅਜੇਹੀ ਤੁਹਮਤ ਦੇ ਕਾਰਨ ਆਪ ਦੀ ਸਰਕਾਰ ਮੈਨੂੰ ਗੁਨਾਹਗਾਰ ਕਿਉਂ ਨਾ ਗਰਦਾਨੇ, ਮੈਂ ਆਪਣੀ ਸਚੀ ਸਰਕਾਰ ਦੇ ਹੁਕਮਾਂ ਅਨੁਸਾਰ ਸਚਾ ਹਾਂ। (ਪੰਨਾ ੧੪੮)

(ਚਲਦਾ)

# ਅਮੁੱਲੀ ਸੁਗਾਤ

## ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਜੀਵਨ ਸੰਬੰਧੀ

### ਭਾਈ ਸਾਹਿਬ ਸੁਰਜਨ ਸਿੰਘ ਜੀ ਰਚਿਤ-ਪੁਸਤਕ

# ਜੀਵਨ ਬ੍ਰਿਤਾਂਤ

ਪਾਠਕਾਂ ਨੂੰ ਇਹ ਜਾਣ ਕੇ ਪ੍ਰਸੰਨਤਾ ਹੋਵੇਗੀ ਕਿ ਭਾਈ ਸਾਹਿਬ ਸੁਰਜਨ ਸਿੰਘ ਜੀ ਗੁਜਰਵਾਲੀਏ ਦੇ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਜੀਵਨ ਸੰਬੰਧੀ ਅੱਖੀਂ-ਡਿਠੇ ਤੇ ਹੱਡੀਂ-ਵਾਪਰੇ ਬ੍ਰਿਤਾਂਤ ਨੂੰ ਪੁਸਤਕ ਦੇ ਰੂਪ ਵਿਚ ਛਾਪਣ ਦਾ ਉਪਰਾਲਾ ਕੀਤਾ ਗਿਆ ਹੈ, ਤਾਕਿ ਇਸ ਅਣਮੋਲ ਲੇਖਾਂ ਦੀ ਸੰਭਾਲ ਹੋ ਸਕੇ, ਤੇ ਪ੍ਰੇਮੀ-ਜਨ ਇਸ ਪੁਸਤਕ ਤੋਂ ਲਾਭ ਪ੍ਰਾਪਤ ਕਰ ਸਕਣ। ਇਹਨਾਂ ਲੇਖਾਂ ਦੀ ਲੜੀ ੧੩ ਕਿਸ਼ਤਾਂ ਵਿਚ 'ਸੂਰਾ' ਦੇ ਪਿਛਲੇਰੇ ਅੰਕਾਂ ਵਿਚ ਵੀ ਛਪ ਚੁਕੀ ਹੈ। ਇਸ ਲਈ ਪਾਠਕ ਜਨ ਤੇ ਹੋਰ ਸੰਗਤਾਂ ਇਸ ਅਮੁੱਲੀ ਸੁਗਾਤ ਨੂੰ ਗੁਰਮਤਿ ਪ੍ਰਚਾਰ ਹਿਤ ਵੰਡਣ ਲਈ ਵਧ ਤੋਂ ਵਧ ਗਿਣਤੀ ਵਿਚ ਆਰਡਰ ਭੇਜਣ, ਤਾਕਿ ਇਹ ਪੁਸਤਕ ਛੇਤੀ ਤੋਂ ਛੇਤੀ ਪ੍ਰਕਾਸ਼ਤ ਹੋ ਸਕੇ। ਇਸ ਪੁਸਤਕ ਦੀ ਭੇਟਾ ਲਾਗਤ ਮਾਤਰ ਹੀ ਹੋਵੇਗੀ।

ਦਾਸ—ਮੈਨੇਜਰ, ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ।



www.AKJ.Org

ਸਿਖ ਇਤਿਹਾਸ-ਵਿਚਾਰ ਲੜੀ ਨੰਬਰ ੮

# ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ?

( ਇਕ ਇਤਿਹਾਸਕ ਖੋਜੀ ਦੀ ਕਲਮ ਤੋਂ )

ਬਾਬਾ ਅਟੱਲ ਰਾਏ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਪੁੱਤਰ ਸਨ। ਆਪ ਮੁੱਢ ਤੋਂ ਹੀ ਸਾਧੂ ਬਿਰਤੀ ਦੇ ਮਾਲਕ ਸਨ। ਕਈ ਵਾਰੀ ਸਾਥੀਆਂ ਨਾਲ ਖੇਡਾਂ ਖੇਡਦੇ ਸਿਮਰਨ ਲਈ ਜੁੱਟ ਜਾਂਦੇ ਸਨ ਅਤੇ ਸਾਥੀਆਂ ਨੂੰ ਭੀ ਨਾਮ ਜਪਾਉਂਦੇ ਸਨ।

ਸਿਖ ਇਤਿਹਾਸ ਵਿਚ ਆਉਂਦਾ ਹੈ ਕਿ ਬਾਲ-ਅਵਸਥਾ ਵਿਚ ਬਾਬਾ ਅਟੱਲ ਰਾਏ ਜੀ ਆਪਣੇ ਸਾਥੀਆਂ ਨਾਲ ਲੁਕਣ-ਮੀਟੀ ਖੇਡਦੇ ਸਨ ਕਿ ਸ਼ਾਮ ਨੂੰ ਜਦੋਂ ਖੇਡ ਖਤਮ ਹੋਈ ਤਾਂ ਖੇਡ ਦੀ ਮੀਤੀ ਬਾਬਾ ਅਟੱਲ ਜੀ ਦੇ ਸਾਥੀ ਮੋਹਨ ਦੀ ਸੀ। ਇਹ ਫੈਸਲਾ ਹੋਇਆ ਕਿ ਮੋਹਨ ਕਲ ਨੂੰ ਆਪਣੀ ਮੀਤ ਦੇਵੇਗਾ। ਦੂਜੇ ਦਿਨ ਸਾਥੀਆਂ ਨੂੰ ਪਤਾ ਲਗਾ ਕਿ ਰਾਤ ਨੂੰ ਸੱਪ ਲੜ ਕੇ ਮੋਹਨ ਦੀ ਮੌਤ ਹੋ ਗਈ ਹੈ। ਬਾਬਾ ਅਟੱਲ ਜੀ ਜਦੋਂ ਮੋਹਨ ਦੇ ਘਰ ਗਏ ਤਾਂ ਕੀ ਦੇਖਦੇ ਹਨ ਕਿ ਮੋਹਨ ਦੀ ਮੌਤ ਦੇ ਕਾਰਨ ਉਹਨਾਂ ਦੇ ਘਰ ਮਾਤਮ ਛਾਇਆ ਹੋਇਆ ਹੈ। ਮੋਹਨ ਦਾ ਮਿਰਤਕ ਸਰੀਰ ਅੰਦਰ ਪਿਆ ਹੋਇਆ ਹੈ। ਉਸ ਦੇ ਆਲੇ ਦੁਆਲੇ ਮਾਤਾ ਪਿਤਾ ਤੇ ਹੋਰ ਸੰਬੰਧੀ ਸੋਗੀ ਅਵਸਥਾ ਵਿਚ ਬੈਠੇ ਹੋਏ ਹਨ। ਆਪ ਨੇ ਬਿਨਾਂ ਕਿਸੇ ਦੀ ਪਰਵਾਹ ਕੀਤਿਆਂ ਭੋਲੇ ਭਾਉ ਹੀ ਮੋਹਨ ਨੂੰ ਬਾਹੋਂ ਫੜ ਕੇ ਉਠਾਉਂਦਿਆਂ ਕਿਹਾ ਕਿ ਉਠ ਮੋਹਨ ਸਾਡੀ ਕਲ ਵਾਲੀ ਮੀਤੀ ਦੇਹ! ਜਦੋਂ ਆਪ ਨੇ ਬਾਹੋਂ ਫੜ ਕੇ ਉਠਾਇਆ ਤਾਂ ਮੋਹਨ ਵਾਹਿਗੁਰੂ ਵਾਹਿਗੁਰੂ ਕਰਦਾ ਉਠ ਬੈਠਾ ਤੇ ਬਾਬਾ ਅਟੱਲ ਜੀ ਨਾਲ ਖੇਡ ਪਚਾਉਣ ਲਈ ਬਾਹਰ ਆ ਗਿਆ। ਸਾਰੇ ਲੋਕ ਹੈਰਾਨ ਰਹਿ ਗਏ। ਸੋਗ ਦੇ ਥਾਂ ਖੁਸ਼ੀ ਦੀ ਲਹਿਰ ਦੌੜ ਗਈ। ਉਸ ਦਿਨ ਤੋਂ ਆਮ ਲੋਕਾਂ ਨੂੰ ਪਤਾ ਲਗ ਗਿਆ ਕਿ ਬਾਬਾ ਅਟੱਲ ਜੀ ਕਰਾਮਾਤੀ ਹਨ। ਭਾਵੇਂ ਇਸ ਘਟਨਾ ਤੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਨੂੰ ਤਾੜਨਾ ਕੀਤੀ ਕਿ ਆਤਮਕ ਸ਼ਕਤੀ ਨੂੰ ਜਰਨਾ ਚਾਹੀਦਾ ਹੈ ਤੇ ਵਾਹਿਗੁਰੂ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਆਪਣੇ ਗੁਰੂ ਪਿਤਾ ਦੀ ਇਕ ਸਾਧਾਰਨ ਜਿਹੀ ਝਿੜਕ ਦਾ ਬਾਬਾ ਅਟੱਲ ਜੀ ਉਤੇ ਅਜਿਹਾ ਅਸਰ ਹੋਇਆ ਕਿ ਆਪ ਕੌਲਸਰ ਸਰੋਵਰ ਦੇ ਕੋਲ ਸਮਾਧੀ ਲਾ ਕੇ ਬੈਠ ਗਏ ਤੇ ਸਮਾਧੀ ਦੀ ਅਵਸਥਾ ਵਿਚ ਹੀ ਆਪਣੇ ਪ੍ਰਾਣ ਤਿਆਗ ਦਿਤੇ।

ਭਾਵੇਂ ਇਹ ਘਟਨਾ ਬਾਬਾ ਅਟੱਲ ਜੀ ਨਾਲ ਸੁੱਤੇ ਸਿੱਧ ਹੀ ਵਾਪਰੀ, ਪਰ ਇਸ ਤੋਂ ਇਕ ਗੱਲ ਸਪਸ਼ਟ ਹੁੰਦੀ ਹੈ ਕਿ ਜੇ ਛੇਵੇਂ ਗੁਰੂ ਸਾਹਿਬ ਦਾ ਸਪੁੱਤਰ ਆਪਣੇ ਆਤਮਕ ਬਲ ਨਾਲ ਮੁਰਦੇ ਮੋਹਨ ਨੂੰ ਜੀਵਾ ਸਕਦਾ ਹੈ ਤਾਂ ਕੀ ਗੁਰੂ ਗੋਬਿੰਦ ਸਿੰਘ ਜੀ ਪੰਜ ਸਿੱਖਾਂ ਦੇ ਸੀਸ ਲੈ ਕੇ ਉਹਨਾਂ ਨੂੰ ਮੁੜ ਜੀਵਾ ਨਹੀਂ ਸਕਦੇ? ਬਾਬਾ ਅਟੱਲ ਜੀ ਗੁਰੂ ਨਹੀਂ ਸਨ ਸਗੋਂ ਗੁਰੂ ਅੰਸ਼ ਵਿਚੋਂ ਭਗਤੀ ਭਾਉ ਵਾਲੇ ਜੀਊੜੇ ਸਨ, ਪਰ ਗੁਰੂ ਗੋਬਿੰਦ ਸਿੰਘ ਜੀ ਤਾਂ ਗੁਰੂ ਨਾਨਕ ਸਾਹਿਬ ਦੀ ਗੱਦੀ ਉਤੇ ਦਸਵੇਂ ਗੁਰੂ ਸਨ। ਆਪ ਸਰਬ-ਕਲਾ ਸਮਰੱਥ ਸਨ। ਅਜਿਹੇ ਪੂਰੇ ਗੁਰੂ ਲਈ ਮਾਰ ਕੇ ਜੀਵਾਲਨਾ ਸਮਰਥਾ ਤੋਂ ਬਾਹਰ ਨਹੀਂ। (ਚਲਦਾ)


www.AKJ.Org

# ਅੰਮ੍ਰਿਤ-ਵੇਲਾ (ਨੰ: ੧੧)

(ਡਾਕਟਰ ਤੇਜਇੰਦਰ ਸਿੰਘ ਜੀ ਭੁਪਾਲ)

## ਗੁਰ-ਹੁਕਮ ਅਥਵਾ ਗੁਰਵਾਕ

ਜਿਸ ਵੇਲੇ ਭੀ ਗੁਰ ਵਾਕ ਲਿਆ ਜਾਵੇ ਅਥਵਾ ਗੁਰ ਹੁਕਮ ਉਸ ਦਿਨ ਦਾ ਸੁਣਾਇਆ ਜਾਵੇ, ਤਾਂ ਸਾਰੀ ਸੰਗਤ, ਬੜੇ ਪਿਆਰ ਤੇ ਅਦਬ ਨਾਲ ਸੁਣੇ। ਇਹ ਠੀਕ ਨਹੀਂ ਪ੍ਰਤੀਤ ਹੁੰਦਾ ਕਿ ਉਸ ਸ਼ਬਦ ਨੂੰ ਆਪ ਆਪਣੇ ਮੂੰਹੋਂ ਪੜ੍ਹਨ ਲਗ ਪਵੇ। ਗੁਰੂ ਕਾ ਹੁਕਮ ਸੁਨਣਾ ਹੈ, ਸੁਨਾਉਣਾ ਨਹੀਂ। ਗੁਰੂ ਤਾਬਿਆ ਬੈਠਾ ਸਿੰਘ ਮਹਾਰਾਜ ਦਾ ਹੁਕਮ ਪੜ੍ਹੇ ਤੇ ਸਾਰੀ ਸੰਗਤ ਸੁਣੇ, ਇਹੋ ਠੀਕ ਜਾਪਦਾ ਹੈ।

ਕਈ ਸਿੰਘ ਉਪਰ ਲਿਖਿਆ ਹੁਕਮ ਸੁਣ ਕੇ ਸੰਤੁਸ਼ਟ ਨਹੀਂ ਹੁੰਦੇ, ਉਹਨਾਂ ਦੀ ਤਸੱਲੀ ਤਦ ਹੀ ਹੁੰਦੀ ਹੈ ਜੇ ਮਹਾਰਾਜ ਦਾ ਵਾਕ ਆਪ ਲੈਣ। ਇਸ ਵਿਚ ਕੁਝ ਟਪਲਾ ਹੈ। ਸਤਿਗੁਰੂ ਜੀ ਦਾ ਹੁਕਮ, ਜੋ ਗੁਰਦੁਵਾਰੇ ਵਿਚ ਸੁਣਾਇਆ ਗਿਆ ਹੈ, ਉਹ ਉਸ ਦਿਨ ਲਈ ਸਭ ਲਈ ਸਾਂਝਾ ਹੈ ਤੇ ਉਸ ਨੂੰ ਆਪਣੇ ਵਾਸਤੇ ਹੁਕਮ ਮੰਨਣਾ ਹੀ ਯੋਗ ਹੈ। ਇਸ ਦਾ ਭਾਵ ਇਹ ਨਹੀਂ ਕਿ ਉਸ ਹੁਕਮ ਦੇ ਪਿਛੋਂ ਬਾਣੀ ਦਾ ਪਾਠ ਨਾ ਕੀਤਾ ਜਾਵੇ, ਜਾਂ ਘਰ ਜਾ ਕੇ ਮਹਾਰਾਜ ਦਾ ਹੁਕਮ ਲੇ ਕੇ ਪਾਠ ਨਾ ਕੀਤਾ ਜਾਵੇ, ਇਹ ਸਭ ਠੀਕ ਹੈ। ਜਿਸ ਗੱਲ ਵਲ ਧਿਆਨ ਦੇਣਾ ਹੈ ਉਹ ਇਹ ਹੈ ਕਿ ਗੁਰਦੁਵਾਰੇ ਸੁਣੇ ਹੁਕਮ ਵਿਚ, ਤੇ ਆਪਣੇ ਪੜ੍ਹੇ ਹੁਕਮ ਵਿਚ, ਕੋਈ ਵਿੱਥ ਨਹੀਂ ਤੱਕਣੀ ਚਾਹੀਦੀ, ਉਸ ਵਿਚ ਪੂਰਨ ਸ਼ਰਧਾ ਲੋੜੀਂਦੀ ਹੈ। ਇਸ (ਗੁਰਦਵਾਰੇ ਸੁਣੇ) ਹੁਕਮ ਵਿਚ ਪੂਰਨ ਸ਼ਰਧਾ ਨਾ ਰਖ ਕੇ, ਵੱਖਰਾ ਹੁਕਮ ਸਿਰਫ਼ ਇਸੇ ਮਤਲਬ ਲਈ ਲੈਣਾ, ਯੋਗ ਨ[illegible] ਜਾਪਦਾ, ਪਰ ਉਸ ਵਿਚ ਸ਼ਰਧਾ ਰੱਖ ਕੇ ਵ[illegible] ਪਾਠ ਕਰਨ ਲਈ ਹੋਰ ਹੁਕਮ ਲੈਣਾ ਸਭ ਉ[illegible] ਹੀ ਉੱਤਮ ਹੈ। ਹੁਕਮ ਲੈਣਾ ਵੀ ਕਰਮ ਧ[illegible] ਨਹੀਂ ਬਣਨ ਦੇਣਾ ਚਾਹੀਦਾ। ਹੁਕਮ, ਹੁਕਮ[illegible] ਜਦ ਗੁਰੂ ਮਹਾਰਾਜ ਜੀ ਤੋਂ ਆ ਰਿਹਾ ਹੈ, [illegible] ਜਦੋਂ ਕਿ ਗੁਰੂ ਧਾਮ ਤੋਂ ਸੁਣਾਇਆ ਜਾ ਰਿ[illegible] ਹੋਵੇ।

## ਭੁਲੇਖੇ ਤੋਂ ਡਰਦਿਆਂ

ਅੰਮ੍ਰਿਤ ਵੇਲੇ ਦੀ ਮਹਾਨਤਾ, ਅੰਮ੍ਰਿਤ [illegible] ਦੀ ਮਹਾਨਤਾ ਦਸਦੀ ਹੈ ਪਰ ਹੋਰ ਕਿਸੇ [illegible] ਨਾਮ ਬਾਣੀ ਤੇ ਜਪੁ ਸਿਮਰਣ ਤੋਂ [illegible] ਰੋਕਦੀ। ਜੇ ਕੋਈ ਸੱਜਣ ਅੰਮ੍ਰਿਤ ਵੇਲੇ [illegible] ਹੀ ਰਹਿੰਦਾ ਹੈ ਤੇ ਦਿਨੇ ਆਪਣਾ ਨਿਤ [illegible] ਤੇ ਸਤਿਸੰਗ ਪੂਰਾ ਕਰਦਾ ਹੈ ਜਾਂ ਵਾਹਿਗੁਰੂ [illegible] ਦਾ ਜਪੁ ਕਰਦਾ ਹੈ ਤਾਂ ਅੰਮ੍ਰਿਤ ਵੇਲਾ ਉਸ ਪ੍[illegible] ਦੇ ਇਸ ਕਰਮ ਦੀ ਨਿਖੇਧੀ ਨਹੀਂ ਕਰਦਾ। [illegible] ਵਿਸ਼ੇ ਤੇ ਧਰਮ ਪ੍ਰਚਾਰ ਕਮੇਟੀ ਸ਼ਰੋਮ[illegible] ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਜੋ ਚਿਠੀ ਅ[illegible] ਉਸਦੀ ਨਕਲ ਹੇਠਾਂ ਦਿਤੀ ਜਾਂਦੀ ਹੈ।

ਦਫਤਰ ਸ਼ਰੋਮਣੀ ਗੁਰਦਵਾਰਾ ਪ੍ਰਬੰ[illegible] ਕਮੇਟੀ, ਸ੍ਰੀ ਅੰਮ੍ਰਿਤਸਰ ਜੀ।

ਨੰ: ੪੧੪੪੭/੯-੧ ਮਿਤੀ ੬-੧੦-[illegible]

ਡਾਕਟਰ ਤੇਜਇੰਦਰ ਸਿੰਘ ਜੀ,
ਹਿਤੰਦਰਾ ਭਵਨ, ੪ ਬੰਗਲਾ ਰੋਡ,
ਸਿਵਲ ਲਾਈਨ, ਭੂਪਾਲ।


www.AKJ.Org

ਸ੍ਰੀਮਾਨ ਜੀਉ,

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਮ ਪੁਜੀ ਆਪ ਦੀ ਪੱਤ੍ਰਕਾ ਮਿਤੀ ੧੩-੫-੬੬ ਦੇ ਸੰਬੰਧ ਵਿਚ ਸਿੰਘ ਸਾਹਿਬਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਰਾਇ ਹੇਠ ਲਿਖੇ ਅਨੁਸਾਰ ਭੇਜੀ ਜਾਂਦੀ ਹੈ।

'ਸਿੱਖ ਮਰਿਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਪ੍ਰਕਾਸ਼ ਅਤੇ ਸ੍ਰੀਆਸਾ ਜੀ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਹੀ ਸੁਭਾਇਮਾਨ ਲੱਗਦਾ ਹੈ। ਪ੍ਰੰਤੂ ਗੁਰਬਾਣੀ ਦਾ ਕੀਰਤਨ ਦਿਨ ਰਾਤ ਕਿਸੇ ਵੇਲੇ ਵੀ ਵਿਵਰਜਤ ਨਹੀਂ, ਜਿਵੇਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹਰ ਸਮੇਂ ਕੀਰਤਨ ਪ੍ਰਵਾਹ ਚਲਦਾ ਰਹਿੰਦਾ ਹੈ।'

ਸ਼ੁਭ ਚਿੰਤਕ—ਸਹੀ, ਮੀਤ ਸਕੱਤਰ
ਧਰਮ ਪ੍ਰਚਾਰ ਕਮੇਟੀ ਸ਼੍ਰੋ. ਗੁ; ਪ੍ਰ. ਕ. ਅੰਮ੍ਰਿਤਸਰ

ਇਸ ਲੇਖ ਦਾ ਇਹ ਭਾਵ ਤਾਂ ਜ਼ਰੂਰ ਹੈ ਕਿ ਹਰ ਗੁਰੂ ਕਾ ਸਿੱਖ, ਗੁਰੂ ਆਸ਼ੇ ਅਨੁਸਾਰ ਅੰਮ੍ਰਿਤ ਵੇਲੇ ਦੀ ਭੇਟ ਗੁਰੂ ਹਜ਼ੂਰ ਦੇਵੇ, ਪਰ ਇਸ ਲੇਖ ਦਾ ਇਹ ਭਾਵ ਬਿਲਕੁਲ ਨਹੀਂ ਕਿ ਜੇ ਕੋਈ ਪ੍ਰਾਣੀ ਅੰਮ੍ਰਿਤ ਵੇਲੇ ਨਹੀਂ ਉਠਦਾ; ਪਰ ਦਿਨੇ ਸ਼ਾਮੀਂ ਰਾਤੀਂ ਬਾਣੀ ਪੜ੍ਹਦਾ ਹੈ ਜਾਂ ਨਾਮ ਜਪਦਾ ਹੈ, ਉਹ ਆਪਣਾ ਅਭਿਆਸ ਜਾਂ ਨੇਮ ਛੱਡ ਦੇਵੇ ਜਾਂ ਘਟਾ ਦੇਵੇ। ਜਿਥੇ ਜਿਥੇ ਤੇ ਜਿਤਨਾ ਜਿਤਨਾ ਕੋਈ ਰੱਬ ਵਲ ਲੱਗਾ ਹੋਇਆ ਹੈ ਉਤਨਾ ਕੁ ਉਸ ਨੂੰ ਮੁਬਾਰਕ ਹੈ। ਇਸ ਵਿਚ ਕੋਈ ਕਮੀ ਲਿਆਉਣੀ ਇਕ (Retrogressive step) ਪਿਛੇ ਲਿਜਾਊ ਕਦਮ ਹੈ। ਉਸ ਨੂੰ ਵਧਾ ਲੈਣ (Intensively improve) (ਅੰਦਰੂਨੀ ਵਿਸ਼ੇਸ਼ਤਾ) ਕਰ ਲੈਣਾ (Progressive Step) ਉਨਤੀ ਸ਼ੀਲ ਕਦਮ ਹੈ। ਸਤਿਗੁਰਾਂ ਜੀ ਦਾ ਹੁਕਮ ਹੈ—

ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥

ਸਾਰੇ ਦੇ ਸਾਰੇ ਜੀਵ ਆਪਣੀ ਕੀਤੀ ਕਿਰਤ ਅਨੁਸਾਰ ਵਾਹਿਗੁਰੂ ਜੀ ਦੇ ਪਾਸੇ ਥੋੜਾ ਜਾਂ ਬਹੁਤ ਲਗੇ ਹੋਏ ਹਨ ਤੇ ਇਸੇ ਦੇ ਸਿੱਟੇ ਪਰਮਾਤਮਾਂ ਤੋਂ ਦੂਰ ਜਾਂ ਨੇੜੇ ਰਹਿੰਦੇ ਹਨ।

"ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥" (ਜਪੁਜੀ)

ਬਹੁਤ ਕਰਕੇ, ਅਸੀਂ ਕਲਜੁਗ ਦੇ ਅੰਧੇਰੇ ਦੇ ਕਾਰਨ (Sub-Standards) ਨੀਵੀਆਂ ਪੱਧਰਾਂ ਵਿਚ ਭਟਕ ਰਹੇ ਹਾਂ। ਅੰਮ੍ਰਿਤ ਵੇਲੇ ਦੇ (Standard) ਪੱਧਰ ਤੇ ਨਹੀਂ ਪੁੱਜੇ, ਜਿਸ ਨੂੰ ਕਿ ਪਰਮਾਰਥ ਦਾ (Spring Board) ਪੜੁੱਲ ਆਖਿਆ ਜਾ ਸਕਦਾ ਹੈ। ਅੰਤ ਨੂੰ ਅਸੀਂ, ਆਪਣੇ ਹੁਣ ਦੇ ਨੀਵੇਂ ਪੱਧਰਾਂ ਤੋਂ ਉਠ ਕੇ ਅੰਮ੍ਰਿਤ ਵੇਲੇ ਵਾਲੇ ਪੱਧਰ ਤੇ ਹੀ ਪੁਜਣਾ ਹੈ। ਇਸ ਲੇਖ ਵਿਚ ਗੁਰੂ ਆਸ਼ੇ ਅਨੁਸਾਰ (Required Standard) ਲੋੜੀਂਦਾ ਪੱਧਰ ਦਸਿਆ ਗਿਆ ਹੈ ਜਿਵੇਂ ਕਿ ਵਾਹਿਗੁਰੂ ਜੀ ਦੀ ਬਖਸ਼ੀ ਤੁਛ ਬੁਧੀ ਅਨੁਸਾਰ ਸਮਝ ਆਇਆ ਹੈ। ਇਸ ਪੱਧਰ ਤੋਂ ਅਸਾਂ ਅਗਾਂਹ ਨੂੰ ਉਠਣਾ ਹੈ ਗੁਰੂ ਸਾਹਿਬ ਦੀ ਮੇਹਰ ਤੇ ਬਖ਼ਸ਼ਿਸ਼ ਵਿਚ। ਇਹ ਕਿ ਕਿਸ ਦੀ ਕਦੋਂ ਸੁਣੀ ਜਾਵੇ, ਕੌਣ ਆਖ ਸਕਦਾ ਹੈ:—

ਦਾਤੇ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥
[ਸੋਰਠਿ ਮ: ੩

ਪਰੰਤੂ ਹੁਕਮ ਦੀ ਪਾਲਣਾ ਕਰਨੀ ਸਾਡਾ ਪਰਮ ਧਰਮ ਹੈ। ਹੁਕਮ, ਹੁਕਮ ਹੈ ਉਸ ਵਿਚ ਕੋਈ ਚੂੰ ਚਿਰਾਂ ਨਹੀਂ ਬਣਦੀ। ਸਾਡਾ ਫਰਜ਼ ਇਹ ਬਣਦਾ ਹੈ ਕਿ :—

ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥
ਕਿਛੁ ਲਾਹੇ ਉਪਰਿ ਘਾਲੀਐ ॥ [ਵਾਰ ਆਸਾ ਮ: ੧

ਇਹਨਾਂ ਤੁਕਾਂ ਦੇ ਅਰਥ ਗੁਰਬਾਣੀ ਵਿਚ ਇਸ ਤਰ੍ਹਾਂ ਆਏ ਹਨ—

ਇਨਿ ਬਿਧਿ ਪਾਸਾ ਢਾਲਹੁ ਬੀਰ ॥ ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥ ੧ ॥ ਰਹਾਉ ॥
ਕਰਮ ਧਰਮ ਤੁਮ੍ਹ ਚਉਪੜਿ ਸਾਜਹੁ ਸਤੁ ਕਰਹੁ ਤੁਮ੍ਹ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰ ਸੁਖ ਸਹਜ ਸੇਤੀ ਘਰਿ ਜਾਤੇ ॥ ੩ ॥ [ਬਸੰਤ ਮਹਲਾ ੫


www.AKJ.Org

## ਅੰਮ੍ਰਿਤ ਵੇਲੇ ਦਾ ਵਿਗਿਆਨਕ ਪੱਖ

ਅੰਮ੍ਰਿਤ ਵੇਲੇ ਦੇ ਧਾਰਮਿਕ, ਆਤਮਿਕ ਅਤੇ ਦਾਰਸ਼ਨਿਕ ਪੱਖ ਤੇ ਚੋਖੀ ਵਿਚਾਰ ਹੋ ਚੁਕੀ ਹੈ, ਪਰ ਇਸ ਵਿਗਿਆਨਕ ਯੁਗ ਦੇ ਪ੍ਰਾਣੀ ਦੇ ਨਿਸਚੇ ਅਤੇ ਵਿਸ਼ਵਾਸ਼ ਨੂੰ ਸਥਿਰ ਕਰਨ ਲਈ ਇਸ ਦੇ ਵਿਗਿਆਨਕ ਪੱਖ ਤੇ ਵਿਚਾਰ ਕਰਨੀ ਵੀ ਜ਼ਰੂਰੀ ਹੈ। ਕੁਝ ਲੋਕ ਕੇਵਲ ਵਿਗਿਆਨਕ ਦਲੀਲ ਨੂੰ ਹੀ ਅਸਲੀ ਅਤੇ ਮੰਨਣ ਯੋਗ ਦਲੀਲ ਸਮਝਦੇ ਹਨ।

ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅੰਮ੍ਰਿਤ ਵੇਲੇ ਦੇ ਸਭ ਵੇਲਿਆਂ ਤੋਂ ਸ਼ਾਂਤ, ਸੁੰਦਰ, ਪਵਿੱਤ੍ਰ ਅਤੇ ਟਿਕਾਊ ਹੋਣ ਵਿਚ ਕੋਈ ਸ਼ੰਕਾ ਨਹੀਂ ਹੋ ਸਕਦਾ। ਤ੍ਰੇਲ ਸਾਰੀ ਰਾਤ ਪੈਂਦੀ ਰਹੀ ਹੈ, ਉਸ ਨੇ ਕਲੀਆਂ ਦੇ ਮੂੰਹ ਧੋ ਦਿਤੇ ਹਨ, ਹਰ ਫੁੱਲ ਅਤੇ ਹਰ ਪੱਤੇ ਤੇ ਨਵਾਂ ਨਿਖਾਰ ਹੈ, ਪੌਣ ਸਵੱਛ ਹੈ, ਵਾਤਾਵਰਨ ਸ਼ਾਂਤ ਹੈ, ਕੋਈ ਧੂੜ ਨਹੀਂ, ਕੋਈ ਸ਼ੋਰ ਨਹੀਂ, ਕੋਈ ਝੱਖੜ ਨਹੀਂ, ਇੰਜ ਜਾਪਦਾ ਹੈ ਜਿਵੇਂ ਸਾਰੀ ਕੁਦਰਤ ਆਪਣੇ ਕਾਦਰ ਦੀ ਭਗਤੀ ਵਿਚ ਲੀਨ ਹੈ। ਸ਼ਾਇਦ ਇਸ ਸਮੇਂ ਵਿਚ ਕੋਈ ਜਾਦੂ ਹੈ। ਇਹ ਮਨ ਦੀ ਮੈਲ ਧੋ ਦਿੰਦਾ ਹੈ, ਮਨ ਨੂੰ ਆਪਣੇ ਟਿਕਾਉ ਦੀ ਬੁਕਲ ਵਿਚ ਲੈ ਲੈਂਦਾ ਹੈ। ਇਹ ਪੜ੍ਹਾਈ ਲਈ, ਇਕਾਗਰਤਾ ਲਈ, ਕਾਲਪਨਿਕ ਉਡਾਰੀ ਲਈ, ਬਾਗ ਨੂੰ ਪਾਣੀ ਦੇਣ ਲਈ ਸਭ ਤੋਂ ਵਧੀਆ ਸਮਾਂ ਹੈ। ਇਸ ਸਮੇਂ ਕਿਰਸਾਨ ਜੇ ਹਲ ਵਾਹੁੰਦਾ ਹੈ ਤਾਂ ਉਸਨੂੰ ਆਪਣੀ ਕਿਰਤ ਤੋਂ ਅਨੋਖਾ ਅਨੰਦ ਮਿਲਦਾ ਹੈ। ਵਿਦਿਆਰਥੀ ਪੜ੍ਹਾਈ ਕਰਦਾ ਹੈ ਤਾਂ ਵੱਖਰਾ ਸੰਤੋਸ਼ ਪ੍ਰਾਪਤ ਕਰਦਾ ਹੈ। ਹੋਰ ਤਾਂ ਹੋਰ ਆਲਸੀ ਸੁੱਤਾ ਹੀ ਰਹਿੰਦਾ ਹੈ ਤਾਂ ਉਹ ਵੀ ਇਕ ਅਤਿ ਗੂੜ੍ਹੀ ਨੀਂਦ ਦਾ ਮਜ਼ਾ ਮਾਣਦਾ ਹੈ। ਇਹ ਸਮਾਂ ਕੁਦਰਤ ਨੇ ਕਿਸੇ ਵੀ ਕੰਮ ਨੂੰ ਆਮ ਨਾਲੋਂ ਚੰਗਾ ਕਰਨ ਲਈ ਨਿਸਚਿਤ ਕੀਤਾ ਜਾਪਦਾ ਹੈ।

ਨਿਰੋਲ ਵਿਗਿਆਨ ਦੇ ਪੱਖ ਤੋਂ ਦੇਖੀਏ ਤਾਂ ਵੀ ਇਸ ਵੇਲੇ ਵਾਯੂ-ਮੰਡਲ ਵਿਚ ਆਕਸੀਜਨ ਵਧੇਰੇ ਮਾਤ੍ਰਾ ਵਿਚ ਹੁੰਦੀ ਹੈ ਜੋ ਮਨੁੱਖੀ ਸਰੀਰ ਦੀ ਅਰੋਗਤਾ ਲਈ ਵਧੇਰੇ ਲਾਭਦਾਇਕ ਹੁੰਦੀ ਹੈ, ਇਸ ਨੂੰ ਓਜ਼ੋਨ ਆਖਦੇ ਹਨ।

ਇਸ ਉਤਮ ਸਮੇਂ ਨੂੰ ਜਗਿਆਸੂ ਕਿਸ ਮੰਤਵ ਲਈ ਵਰਤੇ ਕਿ ਸਭ ਤੋਂ ਚੰਗਾ ਲਗੇ। ਇਹ ਸਭ ਤੋਂ ਉੱਤਮ ਸਮਾਂ ਸਾਈਂ ਦੇ ਲੇਖੇ ਲੱਗੇ ਤਾਂ ਹੀ ਸ਼ੋਭਦਾ ਹੈ। ਭਗਤੀ ਜਾਂ ਨਾਮ ਸਿਮਰਨ ਲਈ ਇਸ ਵਧੇਰੇ ਸ਼ਾਂਤਿ, ਪਵਿੱਤ੍ਰ ਅਤੇ ਸੁੰਦਰ ਸਮਾਂ ਹੋਰ ਕਿਹੜਾ ਹੋ ਸਕਦਾ ਹੈ?

## ਅੰਮ੍ਰਿਤ ਵੇਲੇ ਦਾ ਸਰੀਰਕ ਪੱਖ

ਅੰਮ੍ਰਿਤ ਵੇਲੇ ਉਠ ਕੇ ਗੁਰਦੁਆਰੇ ਜਾਣ ਲਈ ਤਿਆਰ ਹੋ ਜਾਣ ਦਾ ਭਾਵ ਹੈ ਕਿ ਨਵੇਂ ਦਿਨ ਦਾ ਆਰੰਭ ਆਲਸੀਆਂ ਨਾਲੋਂ ਕਈ ਘੰਟੇ ਅਗਾਊ ਕਰ ਲਿਆ। ਸਮੁਚੇ ਜੀਵਨ ਵਿਚ ਸਾਵਧਾਨੀ ਆ ਜਾਂਦੀ ਹੈ। ਕਹਾਵਤ ਹੈ 'ਰਾਤ ਦਾ ਕਮਾਇਆ, ਮੇਰੇ ਪੇਕਿਆਂ ਤੋਂ ਆਇਆ।' ਪ੍ਰਾਣੀ ਦਾ ਮੁਖ ਉਦੇਸ਼ ਬੇਸ਼ਕ ਵੇਲੇ ਸਿਰ ਸੰਗਤ ਵਿਚ ਪੁਜਣਾ ਹੈ ਪਰ ਇਸ ਲਈ ਜੋ ਵੇਲੇ ਸਿਰ ਉਠਣਾ ਪੈਂਦਾ ਹੈ ਉਸ ਦੇ ਅਨੇਕਾਂ ਲਾਹੇ ਹਨ। ਆਲਸ ਸਾਵਧਾਨੀ ਵਿਚ ਬਦਲ ਜਾਂਦਾ ਹੈ ਤਦੇ ਹੀ ਅੰਗਰੇਜ਼ੀ ਅਖਾਣ ਹੈ—

"Early to bed and early to rise
Makes the man healthy wealthy and wise"

"ਛੇਤੀ ਸੌਣਾਂ ਅਤੇ ਸੁਵਖਤੇ ਉਠਣਾ ਪ੍ਰਾਣੀ ਨੂੰ ਸੁਸਥ, ਧਨੀ ਅਤੇ ਬੁਧੀਮਾਨ ਬਣਾ ਦਿੰਦਾ ਹੈ।"

(ਚਲਦਾ)


www.AKJ.org

'SURA' Monthly 5 NOVEMBER 1968 Regd. No. P 119

# ਗੁਰਸਿਖ ਮੀਤ ਚਲਹੁ ਗੁਰ ਚਾਲੀ ॥

ਗੁਰੂ ਆਸ਼ੇ ਅਨੁਸਾਰ ਗੁਰਸਿਖ ਦਾ ਜੀਵਨ ਕਿਹੋ ਜਿਹਾ ਹੋਵੇ ? ਇਸ ਦਾ ਉਤਰ ਦੇਣ ਦਾ ਜਤਨ ਬੀਬੀ ਅਮਰਜੀਤ ਕੌਰ ਪ੍ਰਿੰਸੀਪਲ ਮਾਤਾ ਗੁਜਰੀ ਕਾਲਜ, ਦਿਲੀ ਨੇ ਆਪਣੀ ਪੁਸਤਕ **ਗੁਰਸਿਖ ਰਹਿਣੀ** ਵਿੱਚ ਕੀਤਾ ਹੈ। ਪੁਸਤਕ ਗੁਰਬਾਣੀ ਅਤੇ ਸੀਨਾ-ਬਾ-ਸੀਨਾ ਚਲਦੀ ਆ ਰਹੀ ਗੁਰ ਮਰਯਾਦਾ ਦੇ ਆਧਾਰ ਤੇ ਲਿਖੀ ਗਈ ਹੈ। ਸਾਨੂੰ ਇਸਦੀ ਦੂਜੀ ਐਡੀਸ਼ਨ ਛਾਪਣ ਦੀ ਸੇਵਾ ਸੌਂਪੀ ਗਈ ਹੈ। ਬਹੁਤ ਸਾਰੇ ਵਿਦਵਾਨਾਂ ਦੀ ਰਾਏ ਹੈ ਕਿ ਇਹ ਪੁਸਤਕ ਗੁਰਸਿਖ ਰਹਿਤ-ਰਹਿਣੀ ਵਿਚ ਇਕ ਨਿੱਘਰ ਵਾਧਾ ਹੈ। ਹਰ ਗੁਰਸਿਖ ਘਰ ਵਿਚ ਇਹ ਪੁਸਤਕ ਪੁਜਣੀ ਜ਼ਰੂਰੀ ਹੈ।

ਇਸ ਪੁਸਤਕ ਦੀ ਛਪਾਈ ਸ਼ੁਰੂ ਹੋ ਗਈ ਹੈ, ਤੇ ਇਸ ਮਹੀਨੇ ਦੇ ਅਖ਼ੀਰ ਤਕ ਤਿਆਰ ਹੋ ਜਾਵੇਗੀ। ਸੋ ਜਿਨ੍ਹਾਂ ਪ੍ਰੇਮੀਆਂ, ਸਭਾ ਸੁਸਾਇਟੀਆਂ, ਗੁਰਦੁਆਰਾ ਕਮੇਟੀਆਂ ਜਾਂ ਧਾਰਮਕ ਸੰਸਥਾਵਾਂ ਨੇ ਦਸਮ ਪਾਤਸ਼ਾਹ ਦੇ ਪ੍ਰਕਾਸ਼ ਉਤਸ਼ਵ ਤੇ ਸੰਗਤਾਂ ਵਿਚ ਵੰਡਣੀਆਂ ਹੋਣ, ਉਹ ਸ਼ੀਘਰ ਹੀ ਹੇਠ ਲਿਖੇ ਪਤੇ ਤੇ ਆਰਡਰ ਭੇਜ ਦੇਣ। ਪੁਸਤਕ ਦਾ ਕਾਗਜ਼ ਵਧੀਆ ਤੇ ਟਾਈਟਲ ਦੋਰੰਗਾ ਹੋਵੇਗਾ, ਜਿਸ ਦੀ ਭੇਟਾ ਕੇਵਲ ਲਾਗਤ ਮਾਤਰ ਪ੍ਰਤੀ ਕਾਪੀ 30 ਪੈਸੇ ਰਖੀ ਗਈ ਹੈ। ਸਭਾ ਸੁਸਾਇਟੀਆਂ ਅਥਵਾ ਧਾਰਮਕ ਸੰਸਥਾਵਾਂ ਲਈ 25 ਰੁਪੇ ਸੈਂਕੜਾ ਹੋਵੇਗੀ।

ਮੰਗਾਉਣ ਦਾ ਪਤਾ:–

**ਸੂਰਾ ਪੁਸਤਕ ਭੰਡਾਰ**, ਰਾਘੋਮਾਜਰਾ, ਪਟਿਆਲਾ।

www.AKJ.Org